
# ਹਰਫ਼ਾਂ ਦੀ ਹਾਜ਼ਰੀ

(ਕਾਵਿ ਸੰਗ੍ਰਹਿ)



ਮਲਕੀਤ ਜੌੜਾ

**ਏਸੇ ਕਲਮ ਤੋਂ :**

ਕਾਵਿ ਸੰਗ੍ਰਹਿ : ਨਿੱਜ ਤੋਂ ਪਰ ਵੱਲ (2009)
ਵਿਲਕਦਾ ਰੁੱਖ (2010)
ਗ੍ਰਹਿਣੇ ਸੂਰਜ (2013)
ਆਲੋਚਨਾ (ਸੰਪਾ.) ਦਲਿਤ ਕਾਵਿ ਸੰਵਾਦ (2016)

# ਹਰਫ਼ਾਂ ਦੀ ਹਾਜ਼ਰੀ

(ਕਾਵਿ ਸੰਗ੍ਰਹਿ)

ਮਲਕੀਤ ਜੌੜਾ

38273

*Poetry/Punjabi Poetry*

ISBN : 978-93-83391-76-9

**Harphan Dee Hazri**

*by*

**Malkit Jaura**
V.P.O. Jaura
Distt Hoshiarpur (144204)
Mob. 9872534278
Email. malkitjaura987@gmail.com

2018
SV
Published Lokgeet Parkashan
printed & bound by Unistar Books Pvt. Ltd
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429, 4027552

© 2018
*Produced and bound in India*

All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.

## ਸਮਰਪਿਤ :

ਮਾਨਵ ਤੇ ਪ੍ਰਗਤੀਵਾਦੀ ਲੇਖਕਾਂ,
ਸ਼ਖ਼ਸੀਅਤਾਂ, ਸੰਸਥਾਵਾਂ ਅਤੇ ਮੁਲਕਾਂ ਦੇ ਨਾਅ

## ਵਿਸ਼ੇਸ਼ ਧੰਨਵਾਦ

ਮਿਸ਼ਨਰੀ ਲੇਖਕ ਸੋਹਣ ਸਹਿਜਲ ਜੀ ਦਾ ਜਿਨ੍ਹਾਂ
ਇਸ ਪੁਸਤਕ ਨੂੰ ਛਪਵਾਉਣ ਲਈ ਮਾਇਕ ਸਹਿਯੋਗ ਦਿੱਤਾ।

## ਤਤਕਰਾ


| | | |
|---|---|---|
| * | ਭੂਮਿਕਾ | (ix) |
| 1. | ਮਹਾਂਨਾਇਕ | 1 |
| 2. | ਤੂੰ ਕੀ ਜਾਣੇ | 7 |
| 3. | ਘਾਹ ਦੀ ਪੰਡ | 9 |
| 4. | ਅਸਲ ਮਾਲਕ | 11 |
| 5. | ਮੇਰੇ ਮਿੱਤਰ | 12 |
| 6. | ਚੰਗਾ ਹੋਇਆ | 14 |
| 7. | ਵਿਹੜੇ ਦਾ ਖੂਹ | 16 |
| 8. | ਕਵਿਤਾ ਦਾ ਸਬੱਬ | 17 |
| 9. | ਬਾਈਕਾਟ ਤੇ ਬਾਈਕਾਟ | 19 |
| 10. | ਨਿੱਕੇ-ਨਿੱਕੇ ਬੱਚੇ | 21 |
| 11. | ਮੇਰੀ ਗੱਲ | 23 |
| 12. | ਭਰਮ ਜਾਲ | 24 |
| 13. | ਰਹਿਬਰਾਂ ਤੱਕ | 25 |
| 14. | ਕਿਹੜੇ ਵੇਲੇ ਹੋ ਗਏ | 26 |
| 15. | ਦਾਗ਼ | 28 |
| 16. | ਕੋਸ਼ਿਸ਼ ਵਿਚ ਹਾਂ | 29 |
| 17. | ਦੀਵੇ | 30 |
| 18. | ਗਲਤ ਤੇ ਠੀਕ | 31 |
| 19. | ਵਤਨੀ ਭਰਾ | 32 |
| 20. | ਬੀਤੇ ਦੀ ਹਿੱਕ ਉੱਤੇ | 33 |
| 21. | ਮੇਰੀ ਹੋਂਦ | 34 |
| 22. | ਭੁੱਖ ਤੋਂ ਵੱਡੀ ਜਾਤ | 35 |
| 23. | ਲਹਿੰਦੇ ਵੱਲ | 36 |
| 24. | ਵੱਡਾ ਹੱਕ | 37 |
| 25. | ਤੂੰ ਮਨੁੱਖ | 38 |
| 26. | ਮੇਰਾ ਮੁੰਡਾ | 39 |

27. ਕੀੜੇ ਮਕੌੜੇ 40
28. ਦੁਰਾਚਾਰੀ ਹੀ ਠੀਕ 41
29. ਪ੍ਰਸੰਗ 42
30. ਭਰਾ 43
31. ਲਾਹਨਤ 44
32. ਆਦਤ 45
33. ਚੱਕਰਵਿਊ 46
34. ਉੱਤਮ ਪੁਰਖ 47
35. ਹਮਖਿਆਲ 48
36. ਮੇਰਾ ਸਮਾਜ 49
37. ਵੱਡਾ ਉਲਾਂਭਾ 50
38. ਕਸਮਾਂ 51
39. ਫ਼ੈਸਲਾ 52
40. ਚੰਗਾ ਹੋਇਆ 53
41. ਵਿਰੋਧੀ ਹਾਂ 54
42. ਧਰਤੀ ਦਾ ਸਵਰਗ 55
43. ਨਿੱਕੀ ਬਾਲੜੀ 56
44. ਏਕੇ ਦੀ ਘਾਟ 57
45. ਮੇਰੇ ਪੁਰਖੇ 58
46. ਐ ਮੇਰੇ ਲੋਕੋ 59
47. ਮੇਰਾ ਲੀਡਰ 60
48. ਮਹਾਨ ਤਾਂ ਹੁੰਦਾ 61
49. ਵੱਡੇ-ਵੱਡੇ ਸਿਰ 62
50. ਪਿਉਂਦ 63
51. ਪਟੇ ਬਦਲ ਗਏ 64
52. ਜੂਝ ਰਿਹਾ 65
53. ਬਾਪੂ ਬੋਲਦਾ 66
54. ਪੈਰਾਂ ਦਾ ਸਫ਼ਰ 67
55. ਸਾਡੀ ਆਵਾਜ਼ 68
56. ਸੋਚ ਦਾ ਫ਼ਰਕ 69
57. ਮਘਦੇ ਅੱਖਰ 70





58. ਜਾਲ 71
59. ਮੈਨੂੰ ਵੀ ਪਤਾ 72
60. ਹੋ ਸਕਦਾ 73
61. ਜਿਊਂਣ ਦਾ ਸਲੀਕਾ 74
62. ਤੂੰ ਤਾਂ ਬੰਦਾ 75
63. ਚੁੱਪ ਰਹਿਣ ਵਾਲੇ 76
64. ਚਿੜੀ ਚਿੜਾ 77
65. ਲੜਦੇ ਹੋਏ 78
66. ਆਦਿ, ਮੱਧ, ਭਵਿਖ 79
67. ਜਾਗੋ! ਜਾਗੋ! 80
68. ਪੁੱਠਾ ਗੇੜਾ 81
69. ਯੁੱਧ 82
70. ਲਕੀਰ 83
71. ਬਲੀਦਾਨ 84
72. ਕਈ ਵਾਰੀ 85
73. ਮਾਨਵਵਾਦੀ ਕਵੀ 86

# ਭੂਮਿਕਾ

ਮਲਕੀਤ ਜੌੜਾ ਪੰਜਾਬੀ ਸ਼ਬਦਕਾਰੀ ਦੇ ਅੰਗ ਸੰਗ ਰਹਿਣ ਵਾਲਾ ਉਹ ਨੌਜਵਾਨ ਸ਼ਾਇਰ ਹੈ ਜਿਸ ਲਈ ਕਵਿਤਾ ਸਮਾਜਕ ਸੰਘਰਸ਼ ਵਿਚ ਚੇਤੰਨ ਹਥਿਆਰ ਵਰਗੀ ਹੈ। ਉਹ ਸਦੀਆਂ ਤੋਂ ਦੱਬੇ-ਲਤਾੜੇ, ਮਾਨਸਿਕ ਰੂਪ ਵਿਚ ਜਾਤੀ ਵਰਤਾਰੇ ਦੇ ਅਪੰਗ ਕੀਤੇ ਮਨੁੱਖ ਦੇ ਦੁੱਖਾਂ, ਦਰਦਾਂ, ਵੇਦਨਾ ਅਤੇ ਵਿਗੋਚਿਆਂ ਨੂੰ ਸ਼ਬਦਾਂ ਵਿਚ ਉਤਾਰਦੋਂ ਹੈ। ਇਸ ਲਈ ਉਹ ਕਵਿਤਾ ਨਹੀਂ ਦੁੱਖ ਦਰਦਾਂ ਨਾਲ ਭਰੇ ਵਿਚਾਰਾਂ ਦੀ ਸਿਰਜਣਾ ਕਰਦਾ ਹੈ। ਇਸੇ ਕਰਕੇ ਉਹ ਆਪਣੀ ਕਵਿਤਾ ਨੂੰ 'ਮੇਰੀ ਗੱਲ' ਕਹਿੰਦਾ ਹੈ। ਬਕੌਲ ਮਲਕੀਤ ਦੀਆਂ ਇਹ ਸਤਰਾਂ ਪੜ੍ਹਦੇ ਹਾਂ :

ਇਹ ਰੱਬੀ ਬਾਣੀ ਨਹੀਂ
ਇਸ ਵਿੱਚ ਕੋਈ ਠਹਿਰਾ ਨਹੀਂ
ਸਗੋਂ ਇਕ ਤਲਖ਼ੀ ਹੈ
ਇਸ ਨੂੰ ਪੜ੍ਹਕੇ, ਸੁਣਕੇ
ਸੁਰਤ ਤੇ ਦਿਮਾਗ਼
ਵਿਸ਼ਮਾਦ ਵਿਚ ਨਹੀਂ ਜਾਂਦੇ
ਸਗੋਂ ਜਾਗ ਉੱਠਦੇ
ਸੋਚਾਂ 'ਤੇ ਸਵਾਰ ਹੋ ਕੇ
ਤੁਰ ਪੈਂਦੇ ਜਵਾਬ ਤਲਾਸ਼ਣ

ਸਦੀਆਂ ਤੋਂ ਗੁਲਾਮੀ ਅਤੇ ਹਨੇਰਾ ਢੋਂਦੇ
ਜ਼ਿੱਲਤ ਨੇ ਕਰ ਛੱਡਿਆ ਜੀਵਨ ਖਰ੍ਹਵਾ
ਤਾਂ ਹੀ ਤਾਂ ਮੇਰਾ ਰਾਗ ਖਰ੍ਹਵਾ
ਮੇਰਾ ਸਾਜ਼ ਖਰ੍ਹਵਾ
ਮੇਰਾ ਅੰਦਾਜ਼ ਖਰ੍ਹਵਾ.......

ਮਲਕੀਤ ਦੀ ਕਵਿਤਾ ਦਾ ਮੁੱਖ ਪੈਰਾਡਾਈਮ ਭਾਰਤੀ ਸਮਾਜ ਦੀ ਚੀੜ੍ਹੀ ਸੰਸਥਾ ਜਾਤ ਪਾਤ ਨਾਲ ਸੰਬੰਧਿਤ ਹੈ। ਉਹ ਜਾਤ ਪਾਤ ਨੂੰ ਇਕਹਿਰੇ ਰੂਪ ਵਿਚ ਨਹੀਂ ਲੈਂਦਾ। ਸਗੋਂ ਸਮੁੱਚੇ ਸਮਾਜਕ ਅਤੇ ਸਭਿਆਚਾਰਕ ਜੀਵਨ ਵਰਤਾਰੇ ਦੀ ਹਰ ਪਰਤ, ਹਰ ਤਹਿ ਤੱਕ ਪਸਰੇ ਇਸ ਦੇ ਪ੍ਰਭਾਵ ਅਤੇ ਵਿਧੀ-ਵਿਧਾਨ ਤੱਕ ਪਛਾਣਦਾ ਹੈ। ਉਸ ਨੂੰ ਜਾਨਣ ਪਛਾਨਣ ਬਾਅਦ ਪੰਜਾਬੀ ਵਿਚ ਪ੍ਰਵਾਹਤ ਕਾਵਿ ਪੈਟਰਨ, ਕਾਵਿ ਸੁਹਜ ਜਾਂ ਕਾਵਿ ਵਿਧੀ-ਵਿਧਾਨ ਅਨੁਸਾਰ ਨਹੀਂ ਢਾਲਦਾ ਸਗੋਂ ਉਸ

ਯਥਾਰਥ ਦੀ ਸ਼ਿੱਦਤ ਨੂੰ ਬਣਾਈ ਰੱਖਣ ਲਈ ਵਿਧੀ-ਵਿਧਾਨ ਵੀ ਆਪਣਾ ਸਿਰਜਦਾ ਹੈ। ਇਸ ਕਰਕੇ ਉਸ ਦੀਆਂ ਕਵਿਤਾਵਾਂ ਵਿਚ ਮੱਧਵਰਗੀ ਪ੍ਰਗੀਤ ਦੀਆਂ ਗੋਲਾਈਆਂ ਨਹੀਂ ਸਗੋਂ ਛੇਕੇ ਹੋਏ ਮਨੁੱਖ ਦੀ ਵੇਦਨਾਮਈ ਤੜਪ ਹੈ। ਉਸ ਦੀ ਕਵਿਤਾ ਬਹੁਤੇ ਪ੍ਰਤੀਕੀ ਸੰਸਾਰ ਅਤੇ ਬਿੰਬ ਸਿਰਜਣਾ ਵਿਚ ਨਹੀਂ ਪੈਂਦੀ ਸਗੋਂ ਨਸਰਮੁਖਤਾ ਗ੍ਰਹਿਣ ਕਰਕੇ ਵਿਚਾਰ, ਤਲਖ਼ੀ, ਰੋਸ, ਸ਼ਿਕਵਾ ਅਤੇ ਅਸਹਿਮਤੀ ਦੇ ਪ੍ਰਗਟਾਵੇ ਪ੍ਰਤੀ ਤੱਤਪਰ ਰਹਿੰਦੀ ਹੈ।

ਜਾਤ ਦਾ ਦਾਗ਼
ਸਾਡੇ ਬਜ਼ੁਰਗ ਧੋਂਦੇ ਰਹੇ
ਅਣਖ਼ ਦੇ ਸੋਡੇ ਨਾਲ
ਅਸੀਂ ਧੋ ਰਹੇ ਹਾਂ
ਪੈਸੇ ਦੀ ਸਰਫ਼ ਨਾਲ

ਇਸ ਨੂੰ ਪਤਾ ਨਹੀਂ
ਕਿਹੜੀ ਤਲਿੱਸਮੀ ਧਾਤ ਲੈ ਕੇ
ਕਿਹੜੀ ਕੁਠਾਲੀ 'ਚ ਬਣਾਇਆ
ਜਿਹੜਾ ਫਿੱਕਾ ਪੈਣ ਦਾ ਨਾਂ ਨਹੀਂ ਲੈਂਦਾ.....

...............................

ਜੋ ਸਾਡੀ ਪਛਾਣ ਦਾ ਜ਼ਿਕਰ ਕਰਦੇ
ਸਾਨੂੰ ਚੌਥੇ ਪਾੜੇ ਵਿੱਚ ਧਰਦੇ
ਸਾਡੇ ਪਰਛਾਵੇਂ ਤੋਂ ਵੀ ਡਰਦੇ
ਜ਼ਿਹਨ 'ਚ ਵਸੇ
ਉਹ ਪੰਨੇ ਵੇਦ ਅਤੇ ਪੁਰਾਣ ਦੇ.....

ਇਉਂ ਉਸ ਦੀ ਕਵਿਤਾ ਸਿੱਧੀ ਲਕੀਰ ਕੱਢਕੇ ਤੁਰਦੀ ਹੈ। ਮਲਕੀਤ ਆਪਣੀ ਗੱਲ ਵਿੰਗ-ਵਲੇਵਾਂ ਪਾਕੇ ਬੋਝਲ ਜਾਂ ਅਮੂਰਤ ਭਾਸ਼ਾ ਵਿਚ ਨਹੀਂ ਕਰਦਾ ਸਗੋਂ ਅਰਜਨ ਵਾਂਗ ਸਿੱਧਾ ਮੱਛੀ ਦੀ ਅੱਖ ਵਿਚ ਦੇਖਦਾ ਹੈ। ਇਸ ਕਵਿਤਾ ਨੂੰ ਇਸ ਅੰਦਾਜ਼ ਵਿਚ ਹੀ ਪੜ੍ਹਨਾ ਅਤੇ ਸਵੀਕਾਰਨਾ ਚਾਹੀਦਾ ਹੈ ਕਿਉਂਕਿ ਜਦੋਂ ਮਨੁੱਖੀ ਅਨੁਭਵ ਅਤੇ ਮਨੁੱਖੀ ਦ੍ਰਿਸ਼ਟੀ ਬਦਲਦੀ ਹੈ ਤਾਂ ਕਵਿਤਾ ਵਿਚ ਸਿਰਫ਼ ਵਸਤੂਗਤ ਬਦਲਾਅ ਹੀ ਨਹੀਂ ਵਾਪਰਦੇ ਸਗੋਂ ਕਵਿਤਾ ਦਾ ਸਮੁੱਚਾ ਵਿਧੀ-ਵਿਧਾਨ ਅਤੇ ਉਸ ਦੀ ਕਾਵਿ ਵਿਆਕਰਨ ਵੀ ਬਦਲ ਜਾਂਦੀ ਹੈ। ਮਲਕੀਤ ਦੀ ਕਵਿਤਾ ਦਾ ਵਸਤੂ ਸੰਸਾਰ ਅਤੇ ਵਿਧੀ-ਵਿਧਾਨ ਦੋਵੇਂ ਪੰਜਾਬੀ ਵਿਚ ਰਚੀ ਜਾ ਰਹੀ ਕਵਿਤਾ ਨਾਲੋਂ ਵੱਖਰੇ ਹਨ।

ਪਿਛਲੇ ਦੋ ਢਾਈ ਦਹਾਕਿਆਂ ਤੋਂ ਪੰਜਾਬੀ ਕਵਿਤਾ ਵਿਚ ਬਹੁਤ ਕੁਝ



ਬਦਲਿਆ ਹੈ। ਵਿਸ਼ਵੀਕਰਨ ਨੇ ਮੂੰਹ ਜ਼ੋਰ ਉਪਭੋਗਤਾ ਦੇ ਫੈਲਾਅ ਨਾਲ ਸਮੁੱਚੀਆਂ ਸਮਾਜਕ ਅਤੇ ਸਭਿਆਚਾਰਕ ਸੰਸਥਾਵਾਂ ਦੇ ਅਰਥ ਬਦਲ ਦਿੱਤੇ ਹਨ। ਪਰਿਵਾਰਕ ਰਿਸ਼ਤਿਆਂ ਅੰਦਰਲੀ ਪਰੰਪਰਕਤਾ ਖ਼ਤਮ ਹੋ ਗਈ ਹੈ। ਵਿਗਿਆਪਨ ਦੇ ਇਸ ਯੁੱਗ ਵਿਚ ਮਨੁੱਖ ਇਕ ਦੇਹ ਵਿਚ ਪਲਟ ਗਿਆ ਹੈ ਅਤੇ ਉਸਦੇ ਸਰੋਕਾਰ ਸਮਾਜ ਨਾਲੋਂ ਟੁੱਟਕੇ ਦੇਹਮੁਖੀ ਅਤੇ ਵਿਅਕਤੀਗਤ ਬਣ ਗਏ ਹਨ। ਸਮੁੱਚੇ ਜੀਵਨ ਅੰਦਰ ਤਲਖ਼ ਤਣਾਓ ਪਸਰੇ ਪਏ ਹਨ। ਕਵਿਤਾ ਵਿਅਕਤੀਗਤ ਮੁਖ ਹੋ ਕੇ ਆਚੰਭਿਤ ਅਤੇ ਆਤੰਕਿਤ ਮਨੁੱਖ ਦੇ ਅਜਬ ਭਾਵਾਂ ਨੂੰ ਪੇਸ਼ ਕਰਕੇ ਆਪਣੇ ਆਪ ਨੂੰ ਅਦਭੁਤ ਸਿੱਧ ਕਰਨ ਦੇ ਰਸਤੇ ਪਈ ਹੈ। ਮਨੁੱਖ ਅੰਦਰਲੇ ਅਸਾਧਾਰਨ ਭਾਵ ਅਤੇ ਉਸ ਅੰਦਰੋਂ ਉੱਠ ਰਹੀਆਂ ਟੈਬੂਗ੍ਰਸਤ ਪ੍ਰਵਿਰਤੀਆਂ ਨਿਜਾਤ ਰੂਪ ਵਿੱਚ ਉਦੈ ਹੋ ਰਹੀਆਂ ਹਨ। ਇਨ੍ਹਾਂ ਦੀ ਕਵਿਤਾ ਵਿਚ ਪੇਸ਼ਕਾਰੀ ਨਾਲ ਕਵਿਤਾ ਵਧੇਰੇ ਹੀ ਨਿੱਜੀ ਕਿਸਮ ਦਾ ਆਪਾ ਸੰਚਾਰਿਤ (Self Communication) ਅਤੇ ਆਪਾ ਵਿਰੇਚਨ (Self Catharsis) ਦਾ ਮਾਧਿਅਮ ਬਣ ਗਈ ਹੈ। ਇਸ ਕਰਕੇ ਕਾਵਿ ਭਾਸ਼ਾ ਸ਼ਿੱਦਤੀ ਅਤੇ ਚਿੰਤਨੀ ਘੱਟ ਪਰ ਲਿਜ਼ਲਿਜ਼ੀ ਵਧੇਰੇ ਹੋ ਗਈ ਹੈ। ਇਉਂ ਅੱਜ ਦੇ ਆਪਾਧਾਪੀ ਸਵੈ ਪੂਰਤੀ, ਸਵੈ ਪ੍ਰਾਪਤੀ ਅਤੇ ਸਵੈ ਸੰਤੁਸ਼ਟੀ ਦੇ ਯੁੱਗ ਵਿਚ ਸਮਾਜਕ ਸਰੋਕਾਰਾਂ ਨੂੰ ਮਹੱਤਵ ਦੇਣ ਵਾਲੀ ਕਵਿਤਾ ਬਹੁਤ ਅਲਪ ਮਾਤਰਾ ਵਿਚ ਹੈ। ਮਲਕੀਤ ਸਮਾਜਕ ਸਰੋਕਾਰਾਂ ਨਾਲ ਦਸਤਪੰਜਾ ਲੈ ਰਿਹਾ ਹੈ। ਇਸ ਕਰਕੇ ਉਸਦਾ ਕਾਵਿ ਪਾਤਰ ਸਜੱਗ ਵੀ ਹੈ ਅਤੇ ਸੰਘਰਸ਼ਸ਼ੀਲ ਵੀ ਹੈ। ਮਲਕੀਤ ਦੇ ਵਿਚਾਰਾਂ ਜਾਂ ਦ੍ਰਿਸ਼ਟੀਕੋਣ ਨਾਲ ਤੁਹਾਡੀ ਅਸਹਿਮਤੀ ਹੋ ਸਕਦੀ ਹੈ ਪਰੰਤੂ ਉਸਦੀ ਕਵਿਤਾ ਦੇ ਇਹਨਾਂ ਪਾਸਾਰਾਂ ਪ੍ਰਤੀ ਅਣਦੇਖਾ ਨਹੀਂ ਕਰ ਸਕਦੇ। ਉਸ ਦਾ ਕਾਵਿ ਪਾਤਰ ਭਿਅੰਕਰ ਸਥਿਤੀਆਂ ਦੇ ਖਿਲਾਫ਼ ਲੜਨ ਦੀ ਇੱਛਾ ਵੀ ਰੱਖਦਾ ਹੈ ਅਤੇ ਸੁਚੇਤ ਦ੍ਰਿਸ਼ਟੀ ਵੀ। ਇਸੇ ਕਰਕੇ ਉਹ ਇਕ ਅਜਿਹੇ ਮਨੁੱਖੀ ਸਮਾਜ ਦਾ ਸੁਪਨਾ ਚਿਤਵਦਾ ਹੈ ਜਿਹੜਾ ਰਹਿਣਯੋਗ ਹੋਵੇ ਜਿੱਥੇ ਮਨੁੱਖ ਆਪਣੀ ਮਨੁੱਖਤਾ ਦੇ ਗੌਰਵ ਦਾ ਅਹਿਸਾਸ ਕਰ ਸਕਦਾ ਹੋਵੇ।

ਦੇਖ ਮਨੂੰ!
ਤੇਰੇ ਇਸ ਭਰਮ ਜਾਲ ਨੂੰ
ਦੇ ਦਿੱਤਾ ਹੈ ਟੱਕ
ਦੇਖਦਾ ਜਾਹ!
ਹੌਲੀ-ਹੌਲੀ
ਇਸ ਭਰਮ ਜਾਲ ਨੂੰ
ਧਾਗਾ-ਧਾਗਾ ਕਰਕੇ ਸੁਲਝਾ ਦਿਆਂਗਾ
ਨਾਮੋ-ਨਿਸ਼ਾਨ ਮਿਟਾ ਦਿਆਂਗਾ

ਤੂੰ ਕੁਝ ਕਰਨ ਜੋਗਾ ਨਾ
ਉਦੋਂ ਤੇਰਾ ਸਮਾਂ ਸੀ
ਤੂੰ ਦੇਵ
ਅੱਜ ਮੇਰਾ ਸਮਾਂ
ਮੈਂ ਮਨੁੱਖ।

ਭਾਵੇਂ ਪਰਿਸਥਿਤੀਆਂ ਅੱਜ ਹੋਰ ਵੀ ਭਿਅੰਕਰ ਹੋ ਗਈਆਂ ਹਨ। ਮਨੂਵਾਦ ਦੇ ਨਾਲ ਨਾਲ ਵਿਸ਼ਵੀਕਰਨ ਦਾ ਤੰਦੂਆਂ ਜਾਲ ਹੋਰ ਵੀ ਗਹਿਰਾ, ਪੇਚੀਦਾ ਅਤੇ ਸੰਘਣਾ ਹੋ ਗਿਆ ਹੈ। ਫਿਰਕੂ ਅਤੇ ਫਾਸ਼ੀਵਾਦੀ ਤਾਕਤਾਂ ਦਾ ਨਾਗਵਲ ਲਗਾਤਾਰ ਫੈਲ ਰਿਹਾ ਹੈ ਪਰੰਤੂ ਅੱਜ ਅਦਨੇ ਮਨੁੱਖ ਅੰਦਰ ਮਨੁੱਖ ਹੋਣ ਦੀ ਸ਼ਕਤੀ ਨੂੰ ਜਗਾਉਣਾ ਬਹੁਤ ਜ਼ਰੂਰੀ ਹੈ। ਮਨੁੱਖ ਦੀਆਂ ਅਸੀਮ ਸੰਭਾਵਨਾਵਾਂ ਅਤੇ ਉਸਦੀ ਊਰਜਾ ਨੂੰ ਪ੍ਰੇਰਤ ਕਰਨਾ ਜ਼ਰੂਰੀ ਹੈ। ਉਸ ਦੀ ਸ਼ਕਤੀ ਨਾਲ ਹੀ ਸਮੁੱਚੇ ਜੰਜਾਲਾਂ ਤੋਂ ਮੁਕਤੀ ਸੰਭਵ ਹੈ। ਅੱਜ ਮਨੁੱਖ ਅੰਦਰ ਇਹ ਸੋਚ ਅਤੇ ਸ਼ਕਤੀ ਨੂੰ ਉਦੈ ਕਰਨਾ ਹੀ ਮੁੱਖ ਲੋੜ ਹੈ ਕਿ ਮਨੁੱਖ ਕੋਲ ਗੁਆਉਣ ਲਈ ਕੁਝ ਨਹੀਂ ਪਾਉਣ ਲਈ ਸਾਰਾ ਸੰਸਾਰ ਹੈ। ਮਲਕੀਤ ਜੌੜਾ ਦੀ ਕਵਿਤਾ ਵਿਚ ਮਨੁੱਖ ਪ੍ਰਤੀ ਇਹ ਚਿਣਗ ਹੈ ਭਾਵੇਂ ਉਹ ਜਾਤ ਪਾਤੀ ਪ੍ਰਬੰਧ ਨੂੰ ਵਧੇਰੇ ਇਕਾਗਰਤਾ ਨਾਲ ਲੈਂਦਾ ਹੈ, ਉਪਰੋਕਤ ਹੋਰ ਦੱਸੇ ਮਨੁੱਖਘਾਤੀ ਪਾਸਾਰਾਂ ਤੱਕ ਉਸ ਦੀ ਕਵਿਤਾ ਫੈਲੇ, ਮੈਂ ਇਸ ਦੀ ਕਾਮਨਾ ਕਰਦਾ ਹਾਂ।

ਆਮੀਨ।

**ਸਰਬਜੀਤ ਸਿੰਘ (ਡਾ.)**
ਚੰਡੀਗੜ੍ਹ



## ਮਹਾਂਨਾਇਕ

ਹੁਣ ਤੱਕ ਪਈਆਂ ਜੋ
ਸਮੇਂ ਦੀ ਹਿੱਕ ਉੱਤੇ
ਮੇਰੇ ਪੈਰ
ਉਹ ਸਾਰੀਆਂ ਪੈੜਾਂ ਪਛਾਣਦੇ
ਆਪਣੇ ਘਰਾਂ 'ਚੋਂ ਨਿਕਲੀਆਂ
ਸਦੀਆਂ ਪਹਿਲਾਂ ਜੋ
ਮੰਜ਼ਿਲ ਦੀ ਇੱਛਾ ਸੰਗ
ਸਵੈਮਾਣ ਨੂੰ ਨਾਲ ਲੈ ਕੇ
ਉਨ੍ਹਾਂ ਤੇ ਤੁਰਨਾ
ਤੇ ਅੱਪੜਨਾ ਵੀ ਜਾਣਦੇ
ਮੇਰੇ ਪੈਰ

ਜੋ ਸਾਡੀ ਪਛਾਣ ਦਾ ਜ਼ਿਕਰ ਕਰਦੇ
ਸਾਨੂੰ ਚੌਥੇ ਪਾੜੇ ਵਿੱਚ ਧਰਦੇ
ਸਾਡੇ ਪਰਛਾਵੇਂ ਤੋਂ ਵੀ ਡਰਦੇ
ਜ਼ਿਹਨ 'ਚ ਵਸੇ
ਉਹ ਪੰਨੇ ਵੇਦ ਅਤੇ ਪੁਰਾਣ ਦੇ
ਏਕਲੱਬਯਾ ਤੋਂ
ਦਕਸ਼ਣਾ ਵਿਚ
ਲਏ ਅੰਗੂਠੇ ਦੇ ਪ੍ਰਸੰਗ ਨੂੰ
ਸ਼ੰਬੂਕ ਦੇ ਹੋਏ ਕਤਲ ਨੂੰ
ਔਰਤ ਦੇ ਅਪਮਾਨ ਨੂੰ ਲੈ ਕੇ
ਅਪਣਾਏ ਜਾਂਦੇ ਦੋਹਰੇ ਮਾਪਦੰਡ
ਮੈਂ ਹੀ ਨਹੀਂ
ਸਭ ਜਾਣਦੇ

ਦਸਮ ਗੁਰੂ ਵੱਲੋਂ
ਸਿੱਖ ਧਰਮ ਦੀ ਨੀਂਹ ਰੱਖਣ ਵੇਲੇ

ਪੰਜ ਸਿੰਘਾਂ ਦੀ ਸੇਵਾ ਵੇਲੇ
ਸਭ ਤੋਂ ਮੂਹਰੇ
ਜਿਨ੍ਹਾਂ ਖੜੇ ਦੀਵਾਨ ਵਿਚ
ਗੁਰੂ ਦੀ ਇਕ ਆਵਾਜ਼ 'ਤੇ [illegible]
ਗੁਰੂ ਪੁੱਤਰੀ ਪਰਿਵਾਰ ਤੋਂ [illegible]।
[illegible]
[illegible]
ਉੱਚਿਆਂ ਤੋਂ ਉੱਚੇ [illegible]
[illegible]।

ਦਿੱਲੀ ਦੇ ਚਾਂਦਨੀ ਚੌਕ ਵਿਚ
ਮੁਗਲ ਹਕੂਮਤ ਨਾਲ ਮੱਥਾ ਲਾ ਕੇ
ਸੀਸ ਦਾ [illegible]
ਮੁਗਲਾਂ ਕੋਲੋਂ [illegible]
ਗੁਰੂ ਤੇਗ ਬਹਾਦਰ ਦੇ
ਸੀਸ ਦੀ ਪਵਿੱਤਰਤਾ ਨੂੰ
ਕਾਇਮ ਰੱਖਦਿਆਂ
[illegible]
ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ
ਉੱਤੇ ਪਹੁੰਚ ਕੇ
'ਰੰਘਰੇਟਾ ਗੁਰੂ ਕਾ ਬੇਟਾ'
ਦਾ ਵਰ ਪਾਇਆ
ਭਾਈ ਜੈਤਾ ਤੋਂ
ਜੀਵਨ ਸਿੰਘ ਦਾ ਰੁਤਬਾ ਪਾਇਆ
ਆਪਣੇ ਖੂਨ ਦਾ ਗੂੜ੍ਹਾ ਅਹਿਸਾਸ ਕਰਾਇਆ
ਅੰਤਮ ਦਮ ਤੱਕ ਸਾਥ ਨਿਭਾਇਆ।

ਜਦੋਂ [illegible]
[illegible]
[illegible]
[illegible]
[illegible]
[illegible]



ਉਹ ਜੋ ਮੰਦਿਰਾਂ ਤੇ
ਗੰਗਾ ਵਾਲਿਆਂ ਵਿਚ ਰਹਿ ਕੇ
ਉੱਚਿਆਂ ਤੋਂ ਉੱਚਾ ਹੋਇਆ
ਆਪਣੇ ਆਪ ਦੀ ਐਸੀ ਪਛਾਣ ਕਰਾਈ
'ਬਾਣੀ' ਵਿਚ ਇੱਕ ਆਵਾਜ਼ ਉਠਾਈ
'ਬੇਗਮਪੁਰਾ' ਵਸਾਉਣਾ ਭਾਈ
ਤੋੜ ਕੇ ਸਾਰੇ ਬੰਧਨਾਂ ਦੇ ਸੰਗਲ
ਅਮਰ ਆਜ਼ਾਦ ਹਸਤੀ ਪਾਈ
'ਨੀਚ' ਹੋ ਕੇ ਵੀ ਵੱਡੀ ਲੜੀ ਲੜਾਈ।

ਸਮਾਜਕ ਇਨਕਲਾਬ ਦੇ ਪਿਤਾਮਾ
ਮਨੁੱਖੀ ਕਲਿਆਣ ਲਈ ਸੋਚ ਦੁੜਾਉਂਦੇ
ਸਿੱਖਿਆ ਦੇ ਮਹੱਤਵ
ਪ੍ਰਚਾਰ ਲਈ ਕਦਮ-ਦਰ-ਕਦਮ ਉਠਾਉਂਦੇ
ਚੌਥੇ ਵਰਣ ਵਿਚ ਜਨਮੇ
ਲੱਖਾਂ ਔਕੜਾਂ ਰੋਕ ਨਾ ਸਕੀਆਂ ਸੀ ਰਾਹ ਫੂਲੇ ਦਾ
ਮਨੂੰ ਦੀ ਦਰਜਾਬੰਦੀ ਨਾਲ ਪਿਆ ਸੀ ਵਾਹ ਫੂਲੇ ਦਾ
'ਸ਼ੂਦਰ ਅਤੇ ਔਰਤ ਲਈ ਸਿੱਖਿਆ ਹੈ ਵਰਜਿਤ'
ਧਰਮ ਸ਼ਾਸ਼ਤਰਾਂ, ਪੁਰਾਣ, ਅੰਧ-ਵਿਸ਼ਵਾਸ ਨੂੰ
ਰੱਜ ਕੇ ਸੀ ਭੰਡਿਆ ਫੂਲੇ ਨੇ
ਸ਼ੂਦਰ ਗੁਲਾਮੀ ਤੇ ਗਰੀਬੀ ਨੂੰ
ਦੇਸ਼ 'ਚੋਂ ਭੰਡਿਆ ਫੂਲੇ ਨੇ

'ਗੁਲਾਮਗਿਰੀ' ਪੁਸਤਕ ਵਿਚ
'ਬੇਗਮਪੁਰੇ' ਸਮਾਜ ਦਾ ਸੁਪਨਾ
ਪੂਰਾ ਕਰਨ ਲਈ ਮੂਲ ਮੰਤਰ ਘੜੇ ਫੂਲੇ
'ਕਿਸਾਨ ਕਾ ਕੋੜਾ', 'ਬ੍ਰਾਹਮਣ ਕੀ ਚਾਲਬਾਜ਼ੀ'
ਰਾਹੀਂ ਲੋਕ ਚੇਤਨਾ ਕਰਕੇ ਪੈਦਾ
ਲੋਕ ਵਿਦਵਾਨ ਬਣੇ ਫੂਲੇ

ਪਾਠਸ਼ਾਲਾ ਦੀ ਸ਼ੁਰੂਆਤ ਕਰਾਈ
ਸਵਿੱਤਰੀ ਬਾਈ ਫੂਲੇ ਵਿਦਿਆਰਥਣ ਬਣਾਈ

ਵਿਦਿਆਰਥਣ ਤੋਂ ਅਧਿਆਪਕਾ ਦੀ ਕੁਰਸੀ ਬੈਠਾਈ
ਔਰਤਾਂ ਦੇ ਹੱਕਾਂ ਲਈ ਖੜ੍ਹੇ ਫੂਲੇ
ਮਹਾਤਮਾ ਗਾਂਧੀ ਨੇ ਵੀ ਮੰਨਿਆ
ਅਸਲ ਮਹਾਤਮਾ ਜੋਤੀਬਾ ਫੂਲੇ ਨੂੰ
ਬਾਬਾ ਅੰਬੇਡਕਰ ਨੇ
ਗੁਰੂ ਰੂਪ 'ਚ ਵੇਖਿਆ ਜੋਤੀਬਾ ਫੂਲੇ ਨੂੰ।

ਉਦੋਂ ਜਦੋਂ ਸ਼ੂਦਰਾਂ ਲਈ
ਤਲਾਬਾਂ ਤੇ ਖੂਹਾਂ ਤੋਂ ਪਾਣੀ ਪੀਣਾ ਸੀ ਅਪਰਾਧ
ਦਬੇਲ ਬਣਾ ਕੇ ਰੱਖਿਆ ਜਾ ਰਿਹਾ ਸੀ
ਪਸ਼ੂਆਂ ਸਮਾਨ ਜਿਊਂਦੇ ਜ਼ਿੰਦਗੀ
ਹੀਣਤਾ ਦਾ ਰੋਗ ਖਾ ਰਿਹਾ ਸੀ
ਦਲਿਤ ਸਮਾਜ ਕੋਈ ਫਰਿਸ਼ਤਾ ਚਾਹ ਰਿਹਾ ਸੀ
ਯੋਧਾ ਸੀ
ਜੋ ਸਮਾਜ ਨੂੰ ਬਦਲਣ ਤੁਰਿਆ
ਜਿਸ ਦੇ ਹਿੱਸੇ ਆਈ
ਇਕ ਵੱਡੀ ਲੜਾਈ
ਆਪਣਾ ਸਾਰਾ ਜੀਵਨ
ਦੱਬੇ-ਕੁੱਚਲਿਆਂ ਦੇ ਲੇਖੇ ਲਾ ਕੇ
ਵਿੱਚ ਵਿਦੇਸ਼ਾਂ ਕਰੀ ਪੜ੍ਹਾਈ
ਜਿਸ ਨੇ ਸਿੱਖਿਆ ਸੀ
ਸਭ ਦੁੱਖਾਂ ਦਾ ਦਾਰੂ
ਮੰਗਣੇ ਪੈਂਦੇ, ਹੱਕ ਲੈਣੇ ਪੈਂਦੇ
ਅੰਦਰ ਵੜਿਆਂ ਕਦੇ ਮਿਲੇ ਨਾ ਭਾਈ
ਉਸ ਅੰਬਰ ਦੇ ਸਾਏ ਹੇਠਾਂ
ਗੁੱਝੀਆਂ ਮਾਰਾਂ ਤੋਂ ਬਚਦੇ ਆਏ
ਜੋ ਚਾਹੁੰਦਾ ਸੀ
ਗੁਲਾਮੀ ਅਤੇ ਦੁੱਖਾਂ ਤੋਂ
ਮੁਕਤ ਹੋਵੇ ਮੇਰੀ ਲੁਕਾਈ
ਮਨੁੱਖ ਮਨੁੱਖ ਅਤੇ ਔਰਤ ਮਰਦ ਬਰਾਬਰ ਹੋਵਣ
ਦੇਸ਼ ਤਰੱਕੀ ਦੇ ਸਿਖਰਾਂ ਨੂੰ ਛੂਵੇ



ਜੋ ਚਾਹੁੰਦਾ ਸੀ ਔਰਤ ਨੂੰ ਸਤਿਕਾਰ ਮਿਲੇ
ਨਿਰਪੱਖ ਸੋਚ ਦਾ ਮਾਲਕ ਸੀ ਜੋ
ਤਰੱਕੀ ਦਾ ਮੂਲ ਮੰਤਰ ਦੇਸ਼ ਨੂੰ ਦੇ ਗਿਆ
'ਪੜ੍ਹੋ ਜੁੜੋ ਸੰਘਰਸ਼ ਕਰੋ' ਦਾ ਨਾਅਰਾ ਲਾ ਕੇ

ਦੂਰਅੰਦੇਸ਼ੀ, ਮਸੀਹਾ, ਸੰਵਿਧਾਨ ਨਿਰਮਾਤਾ,
ਕਾਨੂੰਨ ਘਾੜਾ, ਦਰਵੇਸ਼, ਸਿਆਸਤਦਾਨ
ਬਾਬਾ ਸਾਹਿਬ ਅੰਬੇਡਕਰ
ਜਿਸ ਨੂੰ ਜਾਣੇ ਸਾਰੀ ਲੋਕਾਈ।

ਹੁਸ਼ਿਆਰਪੁਰ ਦੇ ਪਿੰਡ ਮੁੱਗੋਵਾਲ ਦਾ ਮੰਗੂ ਰਾਮ
ਹੱਕ ਮੰਗਦਾ, ਸੂਹੇ ਰੰਗ ਰੰਗਦਾ, ਜੁਅੱਰਤ ਦੇ ਨਾਲ
ਜਿੱਲਤ, ਗ਼ਰੀਬੀ ਤੋਂ ਮੁਕਤ ਹੋਣ ਲਈ
ਗਏ ਵਿਦੇਸ਼, ਕੱਟੇ ਕਈ ਸਾਲ
ਗ਼ਦਰ ਪਾਰਟੀ ਨਾਲ ਜੁੜਕੇ ਕਈ ਕੰਮ ਕਰਨਾ
ਅੰਗਰੇਜ਼ ਹਕੂਮਤ ਦੇ ਨੱਕ ਵਿਚ ਦਮ ਕਰਨਾ
ਲੈ ਕੇ ਮਿਸ਼ਨ ਮੁੜ ਭਾਰਤ ਆਇਆ
ਦੋਹਰੀ ਗੁਲਾਮੀ ਸ਼ੂਦਰਾਂ ਨੂੰ ਭੋਗਦਿਆਂ ਤੱਕ ਕੇ
ਧਾਰ ਲਿਆਂ ਲੋੜਵੰਦਾਂ ਲਈ ਮਰਨਾ
ਜ਼ਮੀਨ ਮਾਲਕੀ ਦੇ ਹੱਕ ਲੋਕਾਂ ਨੂੰ ਲੈ ਕੇ ਦਿੱਤੇ
1930 ਵਿਚ 'ਆਦਿ ਧਰਮ ਮੰਡਲ' ਦੀ ਕਰੀ ਸਥਾਪਨਾ
ਰਾਜਨੀਤੀ ਵਿਚ ਵੀ ਲੋਹਾ ਮਨਵਾਇਆ
ਦਲਿਤ ਕੋਮ ਨੂੰ ਜਾਗ੍ਰਿਤ ਕਰਨ ਲਈ
'ਆਦਿ ਡੰਕਾ' ਨਾਂ ਦਾ ਅਖਬਾਰ ਚਲਾਇਆ
ਲਾਲ ਰੰਗ ਦੀ ਪੱਗੜੀ ਤੇ ਪੇਟੀ ਪਾ ਕੇ
ਬਗਾਵਤ ਵਜੋਂ ਰੋਸ ਜਿਤਾਇਆ
ਬਾਬੂ ਮੰਗੂ ਰਾਮ ਮੁੱਗੋਵਾਲੀਆ
ਇਤਿਹਾਸ 'ਚ ਆਪਣਾ ਨਾਂ ਦਰਜ਼ ਕਰਾਇਆ।

ਉਦੋਂ ਜਦੋਂ ਰਾਜ ਬਿਨ੍ਹਾਂ ਕੁਝ ਨਾ ਹੋਣਾ
ਨਹੀਂ ਮੁੱਕਣਾ ਇਹ ਰੋਣਾ ਧੋਣਾ
ਰਾਜਨੀਤੀ ਵਿੱਚ ਦਸਤਕ ਦੇ ਕੇ

ਸਫਲਤਾ ਜਿਸ ਦੇ ਹਿੱਸੇ ਆਈ
ਬਹੁਜਨ ਸਮਾਜ ਨੂੰ ਸੱਤਾ ਜ਼ਰੂਰੀ
ਰਾਜ ਬਿਨਾਂ ਨਾ ਮੁੱਕਣ ਵਾਲੀ
ਦੁੱਖਾਂ ਅਤੇ ਗੁਲਾਮੀ ਵਾਲੀ ਲੜਾਈ
ਨਵੀਂ ਲਹਿਰ ਚਲਾ ਕੇ
ਸਫਲਤਾ ਨੂੰ ਹੱਥ ਲਾ ਕੇ
ਦਿੱਲੀ ਦੇ ਤਖ਼ਤ ਦਾ ਰਾਹ ਵਿਖਾ ਕੇ
ਦੁਨੀਆਂ ਦੇ ਤਖ਼ਤ ਤੋਂ ਰੁਖ਼ਸਤ ਹੋਇਆ
ਲੱਖਾਂ ਉਮੀਦਾਂ ਦਿਲਾਂ ਵਿਚ ਜਗਾ ਕੇ
ਸੱਤਾ ਪ੍ਰਾਪਤੀ ਦਾ ਸੁਪਨਾ ਸੰਜੋਕੇ ਬਾਪੂ ਕਾਸ਼ੀ ਰਾਮ
ਦਲਿਤਾਂ ਨੂੰ ਇਕ ਸੂਤਰ ਵਿਚ ਪਰੋਕੇ ਬਾਪੂ ਕਾਸ਼ੀ ਰਾਮ
ਤੁਰ ਗਿਆਂ ਜੀਵਨ ਲੇਖੇ ਲਾ ਕੇ।

ਧਰਤੀ ਦੇ ਲੋਕਾਂ ਨੂੰ ਸਮਝਾਉਂਦੇ
ਮਾਨਵਤਾ ਦਾ ਸਬਕ ਸਿਖਾਉਂਦੇ
ਰਹਿਨੁਮਾ ਕਿੰਨੇ ਤੁਰ ਗਏ
ਅਜ ਵੀ ਇਸ ਧਰਤੀ ਉੱਤੇ
ਮਾਨਵਤਾ ਦੇ ਦੋਖੀ
ਸਰਵ ਸਾਂਝੀਵਾਲਤਾ ਦਾ ਪਾਠ ਭੁਲ ਕੇ,
ਮਨਮਰਜ਼ੀ ਚਲਾਉਂਦੇ।



## ਤੂੰ ਕੀ ਜਾਣੇ

ਸੁਣ ਵੇ ਪੂਰਨਾ
ਤੂੰ ਕੀ ਜਾਣੇ
ਮਜ਼ਦੂਰ ਦੀਆਂ ਮਜਬੂਰੀਆਂ
ਵਿਦੇਸ਼ੀ ਸਕੂਲਾਂ ਵਿੱਚ ਪੜ੍ਹਿਆ
ਰੰਗੀਲਾ, ਅਲਬੇਲਾ ਸੁਭਾਅ ਤੇਰਾ

ਮਜ਼ਦੂਰ ਦੀ ਜ਼ਿੰਦਗੀ ਦਾ ਸੱਚ!
ਮਜ਼ਦੂਰ ਕੋਈ ਮਿੱਟੀ ਦਾ ਬਾਵਾ ਨਹੀਂ
ਨਾ ਹੀ ਪੱਥਰ 'ਚੋਂ ਤਰਾਸ਼ਿਆ ਬੁੱਤ
ਉਹ ਹੈ
ਹੱਡਮਾਸ ਦਾ ਜਿਉਂਦਾ ਜਾਗਦਾ ਮਨੁੱਖ
ਮਨੁੱਖ ਦੀ ਪਰਿਭਾਸ਼ਾ ਤੋਂ ਤਾਂ ਜਾਣੂ

ਮੇਰੇ ਅੰਦਰ ਵੀ ਜਜ਼ਬਾਤ
ਮੈਂ ਵੀ ਚਾਹੁੰਦਾ ਰੱਜਵੀਂ ਰੋਟੀ
ਘਰਵਾਲੀ ਸੋਹਣੇ ਕੱਪੜੇ ਪਾਵੇ
ਬੱਚੇ ਸਕੂਲ ਜਾਵਣ
ਮੇਰੇ ਅੰਦਰ ਵੀ ਹੈ ਇੱਛਾ
ਅਮੀਰ ਬਣਨ ਦੀ
ਮੇਰੇ ਅੰਦਰ ਵੀ ਲਾਲਚ
ਵੱਡੇ-ਵੱਡੇ ਸੁਪਨੇ ਵੇਖਾਂ
ਆਸਾਂ ਦੀ ਪੂਰਤੀ ਲੋਚਦਾ
ਇੱਜ਼ਤ ਲੋੜਦਾ
ਮਨਮਰਜ਼ੀ ਕਰਨੀ ਚਾਹੁੰਦਾ
ਸਬਰ ਹਰ ਵੇਲੇ ਨਹੀਂ ਭਾਉਂਦਾ

ਮਜ਼ਦੂਰ ਸਿਰਫ ਮਜ਼ਦੂਰ ਨਹੀਂ ਹੁੰਦਾ
ਉਹ ਕਿਸੇ ਦਾ ਪੁੱਤ, ਪਿਤਾ, ਪਤੀ

ਅਤੇ ਭਗਾ ਵੀ ਹੁੰਦਾ
ਉਹ ਵੀ ਸਮਾਜ ਦੀ
ਉਸ ਗੁੱਠ ਵਿਚ ਵਸਦਾ
ਜਿੱਥੇ ਮੱਹਲਾਂ ਵਾਲੇ
ਅਮੀਰੀ ਦਾ ਸੁੱਖ ਮਾਨਣ ਵਾਲੇ
ਉਹ ਵੀ ਜ਼ਿੰਦਗੀ ਦਾ
ਮੁੱਲ ਪਾਉਣਾ ਚਾਹੁੰਦਾ।



## ਘਾਹ ਦੀ ਪੰਡ

ਘਾਹ ਦੀ ਪੰਡ
ਘਰ ਲੈ ਕੇ ਆਉਣਾ
ਉਹਦੇ ਲਈ ਕੋਈ ਤੀਆਂ ਦਾ ਮੇਲਾ
ਦੇਖਕੇ ਮੁੜਨਾ ਨਹੀਂ ਹੁੰਦਾ

ਵੀਹ ਵੱਟਾਂ ਤੋਂ
ਰੁਗ-ਰੁਗ ਘਾਹ ਖੋਤਦਿਆਂ
ਬੰਨਿਆਂ ਦੇ ਮਾਲਕਾਂ ਤੋਂ
ਪਤਾ ਨਹੀਂ
ਕਿੰਨੀਆਂ ਕੁ
ਪੁੱਠੀਆਂ ਸਿੱਧੀਆਂ ਗੱਲਾਂ ਸੁਣੀਆਂ ਹੋਣਗੀਆਂ

ਘਰ ਤੋਂ ਪੰਜ ਮੀਲ ਦਾ ਪੈਂਡਾ
ਪੰਜਾਹ ਕਿੱਲੋ ਦੀ ਪੰਡ ਸਿਰ 'ਤੇ ਟਿਕਾਈ
ਪਤਾ ਨਹੀਂ ਕਿੰਨ੍ਹਿਆਂ ਤੋਂ
ਮੂੰਹ ਲੁਕਾਉਂਦੀ ਹੋਈ
ਘਰ ਪਹੁੰਚਦੀ ਹੋਵੇਗੀ
ਪੰਡ ਨਾਲ ਉਸਦਾ ਰਿਸ਼ਤਾ
ਇਕ-ਦੋ ਦਿਨ ਦਾ ਨਾ
ਕਿਸੇ ਮੁਟਿਆਰ ਦੀ ਖੁਸ਼ੀ ਵੇਲੇ ਦੀ ਤੋਰ ਨੂੰ
ਉਸ ਦੀ ਤੋਰ ਨਾਲ
ਜੋੜ ਕੇ ਦੇਖਣਾ
ਕਸੂਰ ਤੋਰ ਦਾ ਨਹੀਂ
ਨਜ਼ਰ ਦਾ ਹੈ
ਘਾਹ ਦੀ ਪੰਡ ਚੁੱਕਿਆਂ
ਪੈਲ੍ਹਾਂ ਨਹੀਂ ਪੈਂਦੀਆਂ
ਸਾਹ ਨਿਕਲਦਾ
ਤੋਰ ਮੱਠੀ ਪੈ ਜਾਂਦੀ

ਸ਼ਰਮ ਪੈਰਾਂ ਵਿਚ ਬੇੜੀਆਂ ਬਣ ਜਾਂਦੀ
ਸਿਰ ਤੇ ਘਾਹ ਦੀ ਪੰਡ ਦਾ ਦਰਦ
ਜਿਹੜਾ ਚੁੱਕਦਾ ਉਹੀ ਜਾਣਦਾ
ਕੁੜੀ ਚਾਹੇ ਪੋਠੋਹਾਰ ਦੀ ਹੋਵੇ
ਭਾਵੇਂ ਚੜ੍ਹਦੇ ਪੰਜਾਬ ਦੀ
ਭਾਵੇਂ ਬੰਗਾਲ, ਬਿਹਾਰ ਦੀ ਹੋਵੇ।



## ਅਸਲ ਮਾਲਕ

ਇਸ ਵੱਡੇ ਛੱਤੇ ਦੀਆਂ
ਅਸਲ ਮਾਲਕ ਤਾਂ
ਇਹ ਮਧੂ ਮੱਖੀਆਂ
ਡੇਮੂੰਆਂ ਨੇ ਤਾਂ ਕੀਤਾ ਹੋਇਆ ਕਬਜ਼ਾ

ਰਾਣੀ ਮੱਖੀ ਨੇ
ਇਨ੍ਹਾਂ ਡੇਮੂੰਆਂ ਦੇ
ਚੇਹਰੇ ਪਛਾਣਦਿਆਂ
ਮਨਸੂਬੇ ਜਾਣਦਿਆਂ
ਕਰ ਲਈ ਸੀ,
ਆਪਣੇ ਲਈ ਜਗ੍ਹਾ ਸੁਰੱਖਿਅਤ
ਉਹ ਤਾਂ ਸੀ ਜਾਣੀ-ਜਾਣ
ਇਕ ਨਾ ਇਕ ਦਿਨ
ਇਨ੍ਹਾਂ ਡੇਮੂੰਆਂ ਨੇ
ਮੇਰੇ ਪਰਿਵਾਰ ਨੂੰ
ਛੱਤੇ ਤੋਂ ਵਾਂਝੇ ਕਰਨਾ

ਉਸ ਬਥੇਰਾ ਅਗਾਹ ਕੀਤਾ
ਤੁਹਾਡੀ ਹੋਂਦ ਨੂੰ ਵੱਡਾ ਖ਼ਤਰਾ
ਤੁਹਾਡੀ ਸੁਰੱਖਿਆ ਏਕੇ ਵਿਚ ਹੈ
ਉਸਨੇ ਤਾਂ ਦੇਖਿਆਂ ਸੀ ਇਕ ਸੁਪਨਾ
ਮੇਰੇ ਪਰਿਵਾਰ ਦੇ ਮੈਂਬਰ
ਆਪਣੇ ਘਰ ਤੇ ਕਰ ਲੈਣਗੇ
ਮੁੜ ਕਬਜ਼ਾ
ਭੁੱਲ ਬੈਠੇ ਸਭ ਕੁਝ
ਲਾਲਚਾਂ ਵਾਲੇ ਲਾਲੀ ਪਾਪ ਲੈ ਕੇ ਬਹਿ ਗਏ

ਉਸ ਕਦੇ ਨਹੀਂ ਸੋਚਿਆ ਹੋਣਾ
ਉਸ ਦੇ ਲੋਕ ਛੱਤੇ ਤੋਂ
ਏਨੀ ਦੂਰ ਹੋ ਜਾਣਗੇ
ਛੱਤੇ ਦਾ ਰਾਹ ਹੀ
ਭੁੱਲ ਜਾਣਗੇ।

# ਮੇਰੇ ਮਿੱਤਰ

ਮੇਰੇ ਭੋਲੇ ਮਿੱਤਰ
ਮਿਹਨਤ ਕਰਨੀ ਕੋਈ ਮਾੜੀ ਨਹੀਂ
ਕਿੱਥੇ ਮਜ਼ਦੂਰੀ
ਕਿੱਥੇ ਆਪਣੇ ਜੱਦੀ-ਪੁਸ਼ਤੀ ਕਿੱਤੇ-ਕਾਰੋਬਾਰ
ਜੋ ਚਲਦੇ ਵਧਦੇ ਰੂਪ
ਮੇਰੇ ਲੋਕਾਂ ਨੂੰ ਨਿੱਤ ਬਦਲਣਾ ਪੈਂਦਾ
ਆਪਣਾ ਕੰਮਕਾਰ
ਰੋਟੀ ਦਾ ਕਰਨ ਲਈ ਜੁਗਾੜ
ਛੋਟੇ-ਛੋਟੇ, ਗੰਦੇ-ਮੰਦੇ ਕੰਮ
ਥੋੜ੍ਹੀ ਆਮਦਨ
ਔਖਾ ਗੁਜ਼ਾਰਾ

ਮੇਰੇ ਮਿੱਤਰ
ਤੈਨੂੰ ਪਤਾ
ਦਰਜਾ ਚਾਰ
ਭਾਵ ਸਫਾਈ ਸੇਵਕ, ਚੌਂਕੀਦਾਰ,
ਚਪੜਾਸੀ, ਵੇਲਦਾਰ
ਦੀ ਭਰਤੀ ਲਈ ਅਖਬਾਰੀ ਇਸ਼ਤਿਹਾਰ ਦੀ
ਨਿਸ਼ਚਿਤ ਮਿਤੀ ਵਾਲੇ ਦਿਨ ਤੋਂ
ਪੂਰਾ ਮਹੀਨਾ ਉਡੀਕ ਕਰਨ ਤੇ
ਜਨਰਲ ਕੋਟੇ ਵਾਲਾ ਕੋਈ ਨਹੀਂ ਆਇਆ
ਤੂੰ ਹੀ ਦੱਸ
ਇਹ ਵੀ ਤਾਂ ਮਿਹਨਤ ਹੀ ਹੈ
ਕੰਮ ਹੀ ਹਨ
ਉੱਚਿਆਂ 'ਚੋਂ ਇਹ ਕੰਮ ਕਿਸੇ ਦੇ ਮਨ ਨਾ ਭਾਇਆ
ਮਿੱਤਰ ਥੋੜ੍ਹੀ ਜਿਹੀ ਸਮਝ ਵਧਾਅ



ਅੱਖਾਂ ਤੇ ਬੰਨ੍ਹੀ ਪੱਟੀ ਹਟਾਅ
ਮੇਰੀ ਗੱਲ ਨੂੰ ਗੁੰਮਰਾਹ ਕਰਨ ਦੀ ਬਜਾਏ
ਸਹੀ ਜਗ੍ਹਾ ਤੇ ਟਿਕਾਅ
ਸੱਚਾਈ ਨੂੰ ਭੁਲੇਖੇ ਦੀ ਪੁੱਠ ਨਾ ਚੜਾਅ।

## ਚੰਗਾ ਹੋਇਆ

ਚੰਗਾ ਹੀ ਹੋਇਆ
ਪੁੱਤ ਆਪਾਂ ਉਦੋਂ ਵੱਖ ਹੋ ਗਏ
ਬਾਰ-ਬਾਰ ਜ਼ਲੀਲ ਹੋਣੋਂ ਤਾਂ ਬਚੇ

ਲੜਾਕੇ ਭਰਾਵਾਂ
ਜਦੋਂ ਵੇਖਣਾ ਸੀ
ਨਿੱਤ ਨਵੇਂ ਲੱਭ ਕੇ ਬਹਾਨੇ
ਦੇਣੀਆਂ ਸੀ ਝਿੜਕਾਂ
ਜਮਾਉਣਾ ਸੀ ਰੋਹਬ
ਘਰ ਦੇ ਮਾਲਕ ਸਮਝਦਿਆਂ
ਸਭ ਕੁਝ ਤੇ ਹੱਕ ਜਮਾਉਣਾ ਸੀ
ਆਪਣੀ ਮਰਜ਼ੀ ਨਾਲ ਚਲਾਉਣਾ ਸੀ
ਸਮੇਂ ਦੇ ਹਾਲਾਤ ਵੇਖ
ਹੈ ਕੋਈ ਸ਼ੱਕ
ਆਪਣਾ ਰਾਗ
ਆਪਣਾ ਸਾਜ਼
ਆਪਣੀ ਦੁਨੀਆਂ ਆਪਣਾ ਰਾਜ

ਦੁਨੀਆਂ ਨੇ ਤਾਂ ਬਥੇਰਾ ਕੁਝ ਆਖਿਆ
ਜਦੋਂ ਆਪਾਂ ਵੱਖ ਹੋਏ
ਇੱਥੋਂ ਤਕ ਕਿ ਆਪਣਿਆਂ ਵੀ ਆਖਿਆ ਸੀ
ਇਹ ਚੰਗਾ ਨਹੀਂ ਹੋਇਆ

ਹੁਣ ਸੌਖੇ ਹਾਂ
ਨਿੱਤ-ਨਿੱਤ ਦੇ ਝਗੜੇ ਤੋਂ ਤਾਂ ਬਚੇ
ਆਪ ਵੀ ਸੌਖੇ
ਅਗਲੇ ਵੀ ਸੌਖੇ
ਵਿਹੜਾ ਸਾਂਝਾ



ਭਰਾਵਾਂ-ਭਰਾਵਾਂ ਦਾ ਮਿਲਵਰਤਨ ਰਹਿ ਗਿਆ
ਇਹ ਕਿਹੜੀ ਕੋਈ ਨਵੀਂ ਗੱਲ ਹੋਈ
ਇਤਿਹਾਸ ਤੇ ਨਜ਼ਰ ਮਾਰ ਕੇ ਵੇਖ
ਸਮੇਂ ਦੇ ਨਾਲ
ਸਭ ਵੱਖ ਹੁੰਦੇ ਆਏ
ਹੁੰਦੇ ਰਹਿਣੇ
ਨੌਕਰ ਨਹੀਂ
ਅੱਜ ਮਾਲਕ ਹਾਂ
ਚੰਗੀ ਗੱਲ ਹੈ ਮਾਲਕ ਹੋਣਾ।

## ਵਿਹੜੇ ਦਾ ਖ਼ੂਹ

ਵਿਹੜੇ ਦਾ ਖ਼ੂਹ
ਨਿੱਕਾ ਰਾਮ, ਰੋਲੂ ਰਾਮ, ਰੂਪੇ-ਭੂਪੇ
ਅਤਰੀ, ਉੱਤਮੀ, ਕੇਸਰੀ, ਖੇਮੀ
ਸਭ ਬਜ਼ੁਰਗਾਂ ਦੇ ਸਾਂਝੇ ਯਤਨਾਂ
ਸਾਹਸ ਅਤੇ ਅਣਖ ਦੀ ਨਿਸ਼ਾਨੀ

ਆਪਣੇ ਆਪ ਨੂੰ
ਉੱਚੇ ਤੇ ਸੁੱਚੇ ਦੱਸਣ ਵਾਲੇ ਲੋਕਾਂ ਵੱਲੋਂ
ਨਿੱਤ ਦਿਨ ਜ਼ਲੀਲ ਹੋਣੋ ਬਚਣ
ਆਪਣੇ ਲੋਕਾਂ ਦੀ ਪਿਆਸ ਬੁਝਾਉਣ ਲਈ
ਉਦੋਂ ਹੋਂਦ ਵਿਚ ਸੀ ਲਿਆਂਦਾ
ਜਦੋਂ ਜਾਤ-ਪਾਤ ਤੇ ਛੂਤ-ਛਾਤ ਦਾ ਸੀ ਬੋਲਬਾਲਾ

ਆਸੇ ਪਾਸੇ ਦੇ ਖ਼ੂਹਾਂ ਵਾਲੇ
ਨੀਵੀਂ ਜਾਤ ਦੇ ਲੋਕਾਂ ਨੂੰ
ਖ਼ੂਹਾਂ ਤੇ ਚੜ੍ਹਨ ਨਹੀਂ ਸੀ ਦਿੰਦੇ
ਪਾਣੀ ਭਰਨ ਨਹੀਂ ਸੀ ਦਿੰਦੇ

ਜਦੋਂ ਮਜਬੂਰੀ ਵਸ ਔਰਤਾਂ ਦੇ
ਖ਼ੂਹ ਉੱਤੇ ਚੜ੍ਹ ਜਾਣ ਦੇ
ਗੁਨਾਹ ਕਰਕੇ
ਅਕਸਰ ਹੁੰਦਾ ਸੀ ਝਗੜਾ
ਗੱਲ ਅਣਖ ਤਕ ਪਹੁੰਚ ਜਾਂਦੀ

ਬਜ਼ੁਰਗਾਂ ਦੇ ਇਸ ਕੰਮ ਕਰਕੇ
ਮੇਰੇ ਲੋਕਾਂ ਨੇ ਪਾ ਲਿਆ ਸੀ
ਅਨੇਕਾਂ ਬੰਦਿਸ਼ਾਂ ਵਿਚੋਂ
ਇਕ ਵੱਡੀ ਬੰਦਿਸ਼ ਤੋਂ ਛੁਟਕਾਰਾ।



## ਕਵਿਤਾ ਦਾ ਸਬੱਬ

ਮੈਂ ਕਿਤੋਂ
ਦੂਰ-ਦੂਰ ਤੋਂ
ਘੇਰ-ਘੇਰ ਕੇ ਨਹੀਂ ਲਿਆਉਂਦਾ
ਕਵਿਤਾ ਦੇ ਸਬੱਬ ਨੂੰ
ਜਿਸਮ ਦੇ ਨੇੜਿਉਂ ਹੀ
ਅਹਿਸਾਸਾਂ ਦੇ ਪੂਲੇ ਲੈ ਕੇ
ਲਿਆ ਖੜ੍ਹੇ ਕਰਦਾ
ਕਵਿਤਾ ਦੇ ਦੁਆਰ

ਹੋਰਾਂ ਵਾਂਗ
ਜੀਵਨ ਤੋਂ ਕੋਹਾਂ ਪਰ੍ਹੇ
ਬੋਝਲ ਜਿਹੇ
ਅਹਿਸਾਸਾਂ ਦੀ ਹੋੜ ਨਹੀਂ
ਨਾ ਹੀ ਦੂਰ-ਦੁਰਾਡੇ
ਭਟਕਣ ਦਾ ਚਾਅ
ਉਤਸ਼ਾਹ

ਦੀਵੇ ਥੱਲੇ ਹਨੇਰਾ
ਨੂੰ ਖ਼ੂਬ ਸਮਝਦਾ ਹਾਂ
ਆਪਣੇ ਨੇੜੇ ਦੀ ਦੁਨੀਆਂ ਵਿੱਚ
ਪੈਰ ਪਸਾਰੀ ਬੈਠੇ
ਮੱਲਾਂ ਮਾਰੀ ਬੈਠੇ
ਭੇਦ-ਭਾਵ, ਊਚ-ਨੀਚ, ਜਾਤ-ਪਾਤ
ਸਭ ਤੋਂ ਵੱਡੇ ਗੰਦਗੀ ਦੇ ਢੇਰ
ਜਿਸ 'ਚੋਂ ਆਉਂਦੀ ਬਦਬੂ
ਹਰ ਸਿਰ ਨੂੰ ਚੜ੍ਹ
ਮਨੁੱਖਤਾ ਨੂੰ ਕਰਦੀ ਹੈ ਬੇਅਰਾਮ

ਦੂ ਤ ਰਖਕ ਉਂਗਲ
ਕੀਤੇ ਯਤਨ
ਸਵੱਛਤਾ ਨੂੰ ਪਹਿਨਾ ਸਕਦੇ
ਅਮਲੀ ਜਾਮਾ।



## ਬਾਈਕਾਟ ਤੇ ਬਾਈਕਾਟ

ਐਸ ਵਾਰ ਦੇ ਬਾਈਕਾਟ ਨੇ
ਪਿਛਲੇ ਸਾਰੇ ਬਾਈਕਾਟ
ਯਾਦ ਕਰਾ ਤੇ
ਲੱਭ ਕੇ ਨਵਾਂ ਬਹਾਨਾ
ਉੱਚਿਆਂ ਨੇ
ਆਪਣਾ ਜ਼ੋਰ ਦਿਖਾਉਂਦਿਆਂ
ਨਗਰ ਕੀਰਤਨ ਦੀ ਅਗਵਾਈ ਕਰਨ ਵਾਲੀ
ਚੱਲੀ ਆਉਂਦੀ ਰੀਤ ਨਿਭਾਉਣ ਤੋਂ
ਕਰ ਦਿੱਤਾ ਇਨਕਾਰ
ਗੁਰੂ ਰਵਿਦਾਸ ਜਨਮ ਦਿਹੜੇ 'ਤੇ
ਨਗਰ ਦੀ ਪਰਿਕਰਮਾ ਵੇਲੇ
ਚੋਣਵੇਂ ਪੜਾਵਾਂ ਉੱਤੇ
ਲੱਗਦੇ ਰਹੇ ਲੰਗਰ
ਕੀਤੇ ਸਭ ਬੰਦ
ਮੁਕੰਮਲ ਬਾਈਕਾਟ
ਨਫ਼ਰਤ ਵੇਖੋ
ਗੁਰਸਿੱਖ ਬੰਦਾ
ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੂਰੋਂ ਤੱਕਕੇ
ਹੋਰ ਗਲੀ 'ਚੋਂ
ਹੋ ਕੇ ਲੰਘਿਆ

ਸਮਾਂ ਬਦਲਿਆ
ਲੋਕ ਬਦਲ ਗਏ
ਮਨਾਂ ਵਿਚ ਉਹੀ ਸੋਚ ਪੁਰਾਣੀ
ਜਦੋਂ ਕੰਮੀਆਂ ਵਲੋਂ
ਕਣਕ ਦੀ ਵਾਢੀ ਤੋਂ ਪਹਿਲਾਂ
ਇਕੱਠ ਕਰਕੇ ਕੀਤੀ

ਪੰਦਰਵੀਂ ਭਰੀ ਦੀ ਮੰਗ
ਇੱਕਵੀਂ ਦੇਣੀ
ਕੰਮੀਆਂ ਵੱਲੋਂ ਨਾ ਮੰਨਣ ਤੇ
ਖੇਤਾਂ ਵਿਚ ਆਉਣਾ ਜਾਣਾ ਬੰਦ
ਜੰਗਲ-ਪਾਣੀ ਬੰਦ

ਫਿਰ ਸਮਾਂ ਬਦਲਿਆਂ
ਕਿੱਲੇ ਦੇ ਇਕ ਕੁੰਅਟਿਲ ਲੈਣੇ
ਪੰਜਾਹ ਕਿੱਲੋ ਦੇਣੇ
ਨਾ ਮੰਨਣ ਤੇ
ਫਿਰ ਬਾਈਕਾਟ
ਝੋਨੇ ਵਾਰੀ
ਵੀਹਵਾਂ ਪੀਪਾ ਦੇਣਾ
ਕੰਮੀ ਆਖਣ ਪੰਦਰਵਾਂ ਪੀਪਾ ਲੈਣਾ
ਨਾ ਮੰਨਣ ਤੇ ਫਿਰ ਉਹੀ ਕੁਝ
ਆਪਣੀ ਸੁਰਤ 'ਚ ਕਿੰਨੇ ਦੇਖੇ ਬਾਈਕਾਟ
ਐਸ ਵਾਰ ਦਾ ਬਾਈਕਾਟ
ਨਵੀਂ ਕਿਸਮ ਦਾ
ਪਹਿਲਿਆਂ ਨੂੰ ਪਾ ਗਿਆ ਮਾਤ
ਹੋਰ ਅੱਗੇ ਨਵੀਂ ਕਿਸਮ ਦੇ
ਹੋਣਗੇ ਬਾਈਕਾਟ।



## ਨਿੱਕੇ-ਨਿੱਕੇ ਬੱਚੇ

ਰੁੱਖਾਂ ਤੋਂ ਟੁੱਟਕੇ
ਧਰਤੀ ਤੇ ਖਿਲਰੇ
ਤੀਲਿਆਂ ਵਿਚ
ਤੀਲਿਆਂ ਵਰਗੇ ਜਿਸਮ
ਤੀਲਾ-ਤੀਲਾ ਚੁਗਦੇ
ਮੁੱਠ ਬਣਾਉਂਦੇ
ਹੇਠਾਂ ਪਹਿਲਾਂ ਪਰਨਾ ਵਿਛਾਉਂਦੇ
ਤੀਲੇ ਉਸ ਉੱਤੇ ਟਿਕਾਉਂਦੇ

ਭੱਜ-ਭੱਜ ਇਧਰ ਉਧਰ ਜਾਂਦੇ
ਨਿੱਕੇ-ਨਿੱਕੇ ਹੱਥਾਂ ਦੇ ਵਿਚ
ਫੜ੍ਹਦੇ ਤੀਲੇ
ਵੱਡੀ ਹੁੰਦੀ ਭਰੀ ਵੱਲ
ਭੱਜ-ਭੱਜ ਆਉਂਦੇ
ਮਟਮੈਲੇ, ਅੱਧ ਪਾਟੀਆਂ
ਨਿੱਕਰਾਂ ਨਾਲ ਬੁਨੈਣਾਂ ਪਾਈ
ਪੈਰਾਂ ਤੋਂ ਨੰਗੇ
ਪਾਣੀ ਪੀਂਦੇ
ਰੌਲ੍ਹਾ ਪਾਉਂਦੇ
ਇਕ-ਦੂਜੇ ਨੂੰ ਉਏ-ਉਏ!
ਆਖ ਬੁਲਾਉਂਦੇ
ਕਿੰਨਾ ਭਾਰ
ਉਠਾਵਣ ਜੋਗੇ
ਸਮਝ ਹੈ ਸਾਰੀ
ਇਕ ਦੂਜੇ ਨਾਲ
ਭਰੀ ਬੰਨਾਉਂਦੇ
ਖਿੱਚ-ਖਿੱਚ ਪਰਨੇ ਦਾ ਲੜ

ਉਪਰੋਂ ਪੈਰਾਂ ਨਾਲ ਦਬਾਉਂਦੇ
ਆਸੇ-ਪਾਸੇ ਡਿੱਗੇ ਤੀਲਿਆਂ ਨੂੰ
ਚੁੱਕ-ਚੁੱਕ ਭਰੀਆਂ ਵਿੱਚ ਅੜਾਉਂਦੇ
ਵਾਰੋ-ਵਾਰੀ ਭਰੀ ਚੁਕਾਉਂਦੇ
ਆਖਰੀ ਤੀਜੇ ਨੂੰ
ਭਰੀ ਚੁਕਾਵਣ ਵੇਲੇ
'ਕੱਠੇ ਹੋ ਕੇ
ਹੱਥ ਪੁਆਉਂਦੇ
ਸਿਰ ਤੇ ਭਰੀ ਟਿਕਾਉਂਦੇ
ਮੋੜੇ ਪਾਉਂਦੇ
ਘਰ ਦਾ ਚੁੱਲ੍ਹਾ ਤਪਾਉਂਦੇ
ਬਣਦੀ ਜ਼ਿੰਮੇਵਾਰ ਨਿਭਾਉਂਦੇ।



## ਮੇਰੀ ਗੱਲ

ਮੇਰੀ ਗੱਲ
ਨਾ ਤਾਂ ਅੰਬਰੋਂ ਉੱਤਰੀ
ਨਾ ਕਿਸੇ ਸ਼ਰਧਾ 'ਚੋਂ ਜਨਮੀ
ਇਥੋਂ ਹੀ
ਤੁਹਾਡੇ ਤੇ ਆਪਣੇ
ਆਲੇ-ਦੁਆਲੇ 'ਚੋਂ ਫੜੀ

ਇਹ ਰੱਬੀ ਬਾਣੀ ਨਹੀਂ
ਇਸ ਵਿਚ ਕੋਈ ਠਹਿਰਾ ਨਹੀਂ
ਸਗੋਂ ਇੱਕ ਤਲਖੀ ਹੈ
ਇਸ ਨੂੰ ਪੜ੍ਹਕੇ, ਸੁਣਕੇ
ਸੁਰਤ ਤੇ ਦਿਮਾਗ਼
ਵਿਸ਼ਮਾਦ ਵਿਚ ਨਹੀਂ ਜਾਂਦੇ
ਸਗੋਂ ਜਾਗ ਉੱਠਦੇ
ਸੋਚਾਂ ਤੇ ਸਵਾਰ ਹੋ ਕੇ
ਤੁਰ ਪੈਂਦੇ ਜਵਾਬ ਤਲਾਸ਼ਣ

ਸਦੀਆਂ ਤੋਂ ਗੁਲਾਮੀ ਅਤੇ ਹਨੇਰਾ ਢੋਂਦੇ
ਜ਼ਿੱਲਤ ਨੇ ਕਰ ਛੱਡਿਆ ਜੀਵਨ ਖਰ੍ਹਵਾ
ਤਾਂ ਹੀ ਤਾਂ ਮੇਰਾ ਰਾਗ ਖਰ੍ਹਵਾ
ਮੇਰਾ ਸਾਜ਼ ਖਰ੍ਹਵਾ
ਮੇਰਾ ਅੰਦਾਜ਼ ਖਰ੍ਹਵਾ

ਮੇਰੇ ਤੋਂ ਆਸ ਨਾ ਰੱਖਿਓ
ਸੁਹਜ ਤੇ ਸਹਿਜ ਵਿਚ ਆ ਕੇ
ਅਜਿਹੀ ਗੱਲ ਕਰਾਂਗਾ
ਜੋ ਸ਼ਾਂਤ ਚਿੱਤ ਕਰੇਗੀ
ਅਗਲੇ ਜਹਾਨ ਦੇ
ਦਰਸ਼ਨ ਦੀਦਾਰ ਕਰਵਾਏਗੀ।

## ਭਰਮ ਜਾਲ

ਦੇਖ ਮਨੂੰ!
ਮੈਂ ਉਹੀ ਮਨੁੱਖ ਹਾਂ
ਜਿਸ ਦਾ ਨਸੀਬ ਤੇ ਸਭ ਕੁਝ
ਤੂੰ ਸੇਵਾ ਹੀ ਮੁਕਰਰ ਕੀਤਾ ਸੀ
ਔਰਤ ਸਮੇਤ
ਸ਼ੂਦਰ ਦਾ ਨਾਂ ਦੇ ਕੇ
ਜਿਸ ਨੂੰ ਆਖਿਆ ਸੀ
'ਨੀਚ'

ਤੂੰ ਦੇਖ ਸਕਦਾ
ਸਵਰਗਾਂ ਵਿਚੋਂ ਅੱਜ ਵੀ
ਸਭ ਕੁਝ
ਆਪਣੀਆਂ ਅੱਖਾਂ ਨਾਲ
ਤੂੰ ਤਾਂ ਅਖਵਾਉਂਦਾ ਸੀ
ਬ੍ਰਹਮਾ ਦਾ ਅਵਤਾਰ
ਦੇਖ ਮਨੂੰ!
ਤੇਰੇ ਇਸ ਭਰਮ ਜਾਲ ਨੂੰ
ਦੇ ਦਿੱਤਾ ਹੈ ਟੱਕ
ਦੇਖਦਾ ਜਾਹ!
ਹੌਲੀ-ਹੌਲੀ
ਇਸ ਭਰਮ ਜਾਲ ਨੂੰ
ਧਾਗਾ-ਧਾਗਾ ਕਰਕੇ ਸੁਲਝਾ ਦਿਆਂਗਾ
ਨਾਮੋ-ਨਿਸ਼ਾਨ ਮਿਟਾ ਦਿਆਂਗਾ
ਤੂੰ ਕੁਝ ਕਰਨ ਜੋਗਾ ਨਾ
ਉਦੋਂ ਤੇਰਾ ਸਮਾਂ ਸੀ
ਤੂੰ ਦੇਵ
ਅੱਜ ਮੇਰਾ ਸਮਾਂ
ਮੈਂ ਮਨੁੱਖ।



## ਰਹਿਬਰਾਂ ਤੱਕ

ਤੇਰੇ ਰਹਿਬਰਾਂ ਬਿਨਾਂ ਜੇ
ਉਹਨਾਂ ਦੇ ਸਭ ਕੰਮ ਹੋ ਸਕਦੇ
ਚੜ੍ਹਦੀ ਕਲਾ 'ਚ ਹੋ ਸਕਦੇ ਉਹ
ਤੂੰ ਵੀ ਕੁਝ ਸੋਚ ਵਿਚਾਰ
ਤੇਰਾ ਉਹਨਾਂ ਦੇ ਰਹਿਬਰਾਂ ਬਿਨ ਵੀ ਸਰ ਸਕਦਾ
ਤੂੰ ਕਿਉਂ ਅੰਨ੍ਹੀ ਸ਼ਰਧਾ ਦੇ ਵਿੱਚ
ਆਪਣਾ ਆਪ ਲੁਟਾਈ ਜਾਂਦਾ
ਮਿਹਨਤ ਦਾ ਪੈਸਾ
ਚੜ੍ਹਾਵੇ ਵਜੋਂ ਚੜ੍ਹਾਈ ਜਾਂਦਾ
ਕਿਰਾਇਆ ਮੂੰਹ ਗੁਆਈ ਜਾਂਦਾ

ਤੇਰੇ ਰਹਿਬਰਾਂ ਦੀ ਤਸਵੀਰ
ਉੱਚਿਆਂ ਦੇ ਲੱਖਾਂ ਘਰਾਂ 'ਚੋਂ
ਇੱਕ ਘਰ ਲੱਗੀ ਮਿਲ ਜਾਏ
ਝੂਠਾ ਹੋਵਾਂਗਾ
ਗੁੰਮਰਾਹ ਨਈਂ ਕਰਦਾ
ਸੱਚ ਨੂੰ ਫੜਦਾ
ਜਿਨ੍ਹਾਂ ਸਾਡੇ ਹੱਕਾਂ ਲਈ
ਲੜਾਈਆਂ ਲੜੀਆਂ
ਤੇਰੇ ਲਈ ਤਾਂ ਉਹੀ ਪੂਜਣਯੋਗ

ਜਿਨ੍ਹਾ ਲਈ ਤੂੰ 'ਨੀਚ'
ਸਾਰੇ ਚੰਗੇ ਗੱਲਾਂ ਕਰਦੇ
ਐਵੇਂ ਝੂਠ ਕਹਾਣੀਆਂ ਘੜਦੇ
ਉਹ ਸੀਮਤ ਆਪਣੇ ਰਹਿਬਰਾਂ ਤੱਕ।

## ਕਿਹੜੇ ਵੇਲੇ ਹੋ ਗਏ

ਕਿਹੜੇ ਵੇਲੇ ਹੋ ਗਏ
ਹੱਕ ਲੁਟਾਉਂਦਿਆਂ ਨੂੰ
ਕੀ ਮਿਲਿਆ ਹੋਰਾਂ ਦੀਆਂ ਬਾਤਾਂ
ਪਾਉਂਦਿਆਂ ਨੂੰ
ਜੋ ਤੇਰੀ ਇੱਜ਼ਤ ਨੂੰ ਡੱਸਦੇ
ਉਹੀ ਤੇਰੇ ਸੀਨੇ ਵੱਸਦੇ
ਕਰ ਨਾ ਸਕਿਆ ਪਛਾਣ
ਕੀ ਮਿਲਿਆ ਉਮਰ ਗੁਜ਼ਰ ਗਈ
ਗੁੱਗਾ ਪੀਰ ਮਨਾਉਂਦਿਆਂ ਨੂੰ

ਪੈਰਾਂ ਵਿਚ ਬਿਆਈਆਂ
ਛਾਲੇ, ਰੱਟਣ ਹੱਥਾਂ 'ਤੇ
ਤੰਗਦਸਤੀ
ਭਰਮ-ਭੁਲੇਖੇ ਪੱਲੇ
ਕਿਹੜੇ ਵੇਲੇ ਹੋ ਗਏ
ਹੱਥ ਵਿਖਾਉਂਦਿਆਂ ਨੂੰ

ਗ਼ਰੀਬੀ, ਜ਼ਿੱਲਤ
ਬਦਬੂ ਰਹੀ ਅੰਗ-ਸੰਗ
ਪਿੱਛੋਂ ਜਾਕੇ ਫੜ੍ਹ ਲਿਆ
ਲਾਇਲਾਜ ਬੀਮਾਰੀ ਨੇ
ਇਹੋ ਕੁਝ ਹੀ ਹਾਸਲ ਹੋਇਆ
ਢੋਰਾਂ ਦੀਆਂ ਖੱਲਾਂ
ਲਾਹੁਦਿਆਂ ਨੂੰ
ਪਿੰਡ ਤੋਂ ਸ਼ਹਿਰ
ਸ਼ਹਿਰ ਤੋਂ ਵੱਡੇ ਸ਼ਹਿਰ
ਮੱਥੇ ਤੇ ਲਿਖਿਆ



ਸਦੀਆਂ ਤੋਂ ਜੁੜਿਆ
ਜਾਣ ਲੈਂਦੇ ਝੱਟ
ਆ ਗਏ ਸਾਹਮਣੇ
ਵਰ੍ਹੇ ਬੀਤ ਗਏ
ਪਛਾਣ ਲੁਕਾਉਂਦਿਆਂ ਨੂੰ।

## ਦਾਗ਼

ਜਾਤ ਦਾ ਦਾਗ਼
ਸਾਡੇ ਬਜ਼ੁਰਗ ਧੋਂਦੇ ਰਹੇ
ਅਣਖ ਦੇ ਸੋਡੇ ਨਾਲ
ਅਸੀਂ ਧੋ ਰਹੇ ਹਾਂ
ਪੈਸੇ ਦੀ ਸਰਫ਼ ਨਾਲ

ਇਸ ਨੂੰ ਪਤਾ ਨਹੀਂ
ਕਿਹੜੀ ਤਲਿੱਸਮੀ ਧਾਤ ਲੈ ਕੇ
ਕਿਹੜੀ ਕੁਠਾਲੀ 'ਚ ਬਣਾਇਆ
ਜਿਹੜਾ ਫਿੱਕਾ ਪੈਣ ਦਾ ਨਾਂ ਨਹੀਂ ਲੈਂਦਾ

ਰੂਪ ਬਦਲ-ਬਦਲ
ਡੰਗਦਾ ਆ ਰਿਹਾ ਮਨੁੱਖਤਾ ਨੂੰ
ਇਸ ਦਾ ਡੰਗ ਜਿਸਦੇ ਵੱਜਦਾ
ਅੰਦਰੋਂ-ਅੰਦਰੀਂ ਝੂਰਦਾ
ਕੱਲਮ-ਕੱਲਾ ਮਹਿਸੂਸ ਦਾ

ਜਿਸ ਦੇ ਸਾਹਮਣੇ ਸੂਰਜ ਵੀ ਫਿੱਕਾ
ਅਜਿਹਾ ਵਹਾਅ
ਜਿਸ 'ਚ ਜੋਸ਼ ਵੀ ਵਹਿ ਜਾਂਦਾ
'ਹੋਸ਼' ਹੋਸ਼ ਸੰਭਾਲਦਾ ਰਹਿ ਜਾਂਦਾ
ਪੱਥਰ ਤੋਂ ਲੀਕ ਮਿਟ ਗਈ
ਖੂਹਾਂ ਦਾ ਪਾਣੀ ਸੁੱਕ ਗਿਆ
ਅੱਜ ਵੀ ਚੜ੍ਹਦਾ
ਮਨੁੱਖਤਾ ਦੇ ਮੱਥੇ
ਇਸ ਦਾ ਸੂਰਜ।



## ਕੋਸ਼ਿਸ਼ ਵਿੱਚ ਹਾਂ

ਆਪਣੀ ਸਮਝ
ਅਤੇ ਮਿਹਨਤ ਨਾਲ
ਲੱਭ ਹੀ ਲਵਾਂਗਾ
ਹਰ ਸਮੱਸਿਆ ਦਾ ਹੱਲ
ਇਹ ਹੋਵੇਗਾ
ਅੱਜ ਨਹੀਂ ਤਾਂ ਕੱਲ੍ਹ
ਆਪਣੀ ਦੁਨੀਆਂ ਦਾ
ਖ਼ੁਦ ਬਣਾਂਗਾ ਸਿਰਜਕ
ਆਪਣੀ ਲਿਆਕਤ ਤੇ ਸਮੱਰਥਾ ਉੱਤੇ
ਹੈ ਪੂਰਾ ਭਰੋਸਾ
ਸਮਝਦਾ ਹਾਂ
ਸਾਰੀ ਖੇਡ
ਮੈਂ ਵੀ ਖੇਡਾਂਗਾ
ਇਕ ਖੇਡ।

## ਦੀਵੇ

ਦੀਵੇ ਨਾਲ ਦੀਵਾ
ਜਗਾਈ ਜਾਹ ਭਲਿਆ ਲੋਕਾ
ਹਨੇਰਾ ਦੂਰ ਭਜਾਈ ਜਾਹ ਭਲਿਆ ਲੋਕਾ
ਜਦ ਬਣ ਜਾਵੇਗੀ ਲੰਮੀ ਡਾਰ
ਅਥਾਹ ਰੌਸ਼ਨੀ ਫੈਲ ਜਾਵੇਗੀ
ਸਥਾਈ ਸੰਸਾਰ
ਤੇ ਸਮਾਜ ਅੰਦਰ
ਦੀਵਿਆਂ ਅੰਦਰ
ਸਿਰੜ ਅਤੇ ਸਵੈਮਾਣ ਦਾ
ਤੇਲ ਪਾਵੀਂ
ਇਹੋ ਜਿਹੀ
ਜਨੂਨ ਦੀ ਬੱਤੀ ਵਟ ਪਾਵੀਂ
ਜੋ ਹਨੇਰਿਆਂ ਸੰਗ ਲੜਦਿਆਂ
ਆਪਣੇ ਆਪ ਨੂੰ
ਟਿਕਾਈ ਰੱਖਣ
ਆਪਣੇ ਆਪ ਨੂੰ
ਜਗਾਈ ਰੱਖਣ।



## ਗਲਤ ਤੇ ਠੀਕ

ਜਿਨ੍ਹਾਂ
ਵਿਚਾਰਾਂ ਤੇ ਪਿਰਤਾਂ ਨੂੰ
ਗਲਤ ਮੰਨਦਾ ਆਇਆ ਹਾਂ
ਉਹ ਸਹੀ ਠਹਿਰਾਉਣ ਤੇ ਤੁਲੇ ਹੋਏ

ਇਹ ਤਾਂ ਇਹੀ ਹੋਇਆ
ਉਹ ਪਰਸੋਂ ਵੀ,
ਅੱਜ ਵੀ ਅਤੇ ਕੱਲ੍ਹ ਵੀ
ਆਪਣੇ ਆਪ ਨੂੰ ਠੀਕ ਸਮਝਦੇ ਹੋਏ
ਮੁੜ ਉਹੀ ਕੁਝ ਦੁਹਰਾਉਣ ਤੇ ਤੁਲੇ ਹੋਏ
ਮੁੜ ਉਹੀ
ਸਿਸਟਮ ਬਣਾਉਣ ਤੇ ਤੁਲੇ ਹੋਏ।

## ਵਤਨੀ ਭਰਾ

ਹੁਣ ਅਸੀਂ ਆਪਣੇ ਆਪ ਨੂੰ
ਚਾਮਾਰ, ਮਜ਼ਬੀ, ਬਾਜ਼ੀਗਰ ਅਤੇ ਮੁਹਾਰ
ਵੀ ਨਹੀਂ ਅਖਵਾ ਸਕਦੇ
ਮੇਰੇ ਵਤਨੀ ਭਰਾਵਾਂ ਨੂੰ
ਹੈ ਇਸ ਗੱਲ ਦਾ ਅਫਾਰਾ
ਇਹ ਆਪਣੇ ਆਪ ਨੂੰ
ਚਮਾਰ ਜਾਂ ਮਜ਼ਬੀ
ਕਿਉਂ ਆਖਣ ਲੱਗ ਪਏ
ਆਪਣੇ ਆਪ ਨੂੰ
ਹੋਇਆ ਵਿਚ ਕਿਉਂ ਗਿਣਾਉਣ ਲੱਗ ਪਏ

ਆਪਣੇ ਆਪ ਨੂੰ
ਚਮਾਰ, ਮਜ਼ਬੀ ਕਹਿਣ ਤੇ
ਸ਼ੁਧਤਾ ਨੂੰ ਲੈ ਕੇ
ਕਰਦੇ ਨੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ
ਸਾਡੀ ਹੋਂਦ ਉੱਤੇ ਲਾ ਕੇ ਦੋਸ਼
ਕਰਦੇ ਨੇ ਜ਼ਲੀਲ
ਆਪ ਜਿਵੇਂ
ਇਨ੍ਹਾਂ ਲਿਆ ਹੋਇਆ
ਸ਼ੁਧਤਾ ਦਾ ਸਬੂਤ।



## ਬੀਤੇ ਦੀ ਹਿੱਕ ਉੱਤੇ

ਰੇਤ ਤੇ ਖਿੱਚੀਆਂ ਲਕੀਰਾਂ
ਦੀ ਮੁਨਿਆਦ ਦਾ ਸੱਚ
ਪੱਥਰ ਤੇ ਕੱਢੀਆਂ ਲਕੀਰਾਂ ਦਾ ਸੱਚ
ਮਸਤਕ ਵਿੱਚ ਰੱਖਣ ਵਾਲਾ
ਸਮਝ ਦਾ ਦੀਵਾ
ਸਹਿਜ ਹੀ ਸਮਝ ਲੈਂਦਾ ਝੱਟ

ਬੀਤੇ ਦੀ ਹਿੱਕ ਉੱਤੇ
ਜੋ ਬੀਜ ਬੀਜੇ ਗਏ
ਊਚ-ਨੀਚ ਦੇ
ਪਾਲਦੇ ਰਹੇ
ਦਿਨ-ਰਾਤ ਜਿਨ੍ਹਾਂ ਨੂੰ
ਚੁਤਰਾਈ, ਗੁੰਮਰਾਹ, ਅਤੇ ਭੈਅ ਦੇ ਨਾਲ
ਉਸੇ ਦਾ ਫਲ ਹੈ
ਨਫ਼ਰਤ, ਰੋਹ, ਰੋਸ
ਜਿਸ ਦਾ ਸੁਆਦ
ਅੱਜ ਵੀ ਚੱਖ ਰਿਹਾ ਮਨੁੱਖ
ਚਾਹੁੰਦਾ ਹੈ ਇਸ ਕੁੜੱਤਣ ਤੋਂ
ਮੁਕਤ ਹੋਣਾ।

## ਮੇਰੀ ਹੋਂਦ

ਮੇਰੇ ਲਈ ਦੁਨੀਆਂ ਅਨਜਾਣ ਨਹੀਂ
ਮੈਂ ਦੁਨੀਆਂ ਲਈ ਅਨਜਾਣ ਹਾਂ

ਲਾਰਿਆਂ ਦੇ ਚੱਕਰਵਿਊ ਵਿਚ ਫਸੀ
ਵਾਦਿਆਂ ਦੀ ਚੱਕੀ ਤੇ ਘੁੰਮਦੀ
ਦੁੱਖਾਂ-ਚੁੜਾਂ ਦੇ ਤੰਦੂਰ 'ਚ ਭੁਜਦੀ
ਮੁਕਤੀ ਦਾ ਮਾਰਗ ਲੱਭਦੀ
ਮੇਰੀ ਜ਼ਿੰਦਗੀ

ਸਦੀਆਂ ਤੋਂ
ਲਾਉਂਦੀ ਆ ਰਹੀ ਮੱਥਾ
ਪੱਥਰ ਤੇ ਲੀਕਾਂ ਵਰਗੀਆਂ
ਭੈੜੀਆਂ ਪਿਰਤਾਂ ਦੇ ਨਾਲ
ਹੰਭਦੀ ਰਹੀ
ਪਰ ਲਾਉਂਦੀ ਆ ਰਹੀ ਹੈ ਦਾਅ
ਨਵੇਂ-ਨਵੇਂ ਹਥਿਆਰਾਂ ਅਤੇ ਢਾਲਾਂ ਸੰਗ
ਮੇਰੀ ਹੋਂਦ
ਮੇਰੀ ਸੋਚ।



## ਭੁੱਖ ਤੋਂ ਵੱਡੀ ਜਾਤ

ਉਸ ਦੇ ਹਾਵ-ਭਾਵ ਕੁਝ ਹੋਰ ਸੀ
ਪਾਣੀ ਦਾ ਗਲਾਸ ਪੀਣ ਤੋਂ ਬਾਅਦ
ਰੋਟੀ ਪਾਉਂਣ ਤੋਂ ਪਹਿਲਾਂ
ਏਧਰ-ਉਧਰ ਨਜ਼ਰ ਦੁੜਾਉਂਦਿਆਂ
ਘਰ ਵਿੱਚ ਲੱਗੀ
ਰਹਿਬਰ ਦੀ ਫੋਟੋ ਤੱਕ ਕੇ
ਹੋ ਗਿਆ ਹੋਰ ਦਾ ਹੋਰ
ਉਹ ਜੋ ਵਿਲਕਦਾ ਸੀ
ਭੁੱਖ ਨਾਲ
ਮਾਲਵੇ ਵਾਲੇ
ਪਾਸਿਓਂ ਆਇਆ ਸੀ ਜੋ
ਤੂੜੀ ਦੀ ਟਰਾਲੀ ਲਾਹ ਕੇ
ਸਾਥੀਆਂ ਨਾਲ ਘਰ ਮੇਰੇ
ਰੋਟੀ ਖਾਣ ਦੀ
ਤੀਬਰ ਇੱਛਾ ਲੈ ਕੇ

ਮੈਨੂੰ ਭੁੱਖ ਨਹੀਂ
ਕਹਿ ਕੇ
ਘਰ ਤੋਂ ਬਾਹਰ ਨਿਕਲਿਆ
ਸਾਥੀਆਂ ਨੇ ਦੱਸਿਆ
ਆਪਣੇ ਉੱਚੇ ਲੋਕਾਂ ਦਾ ਹਾਲ
ਜੋ ਸਾਂਝਾਂ ਨੂੰ ਪਾਉਂਦੀ ਮਾਤ
ਅੱਜ ਵੀ ਵੱਡੀ ਹੈ
ਭੁੱਖ ਦੇ ਨਾਲੋਂ ਜਾਤ।

## ਲਹਿੰਦੇ ਵੱਲ

ਲਹਿੰਦੇ ਵੱਲ
ਸਭ ਜਾਣਦੇ ਕਿਨ੍ਹਾਂ ਦੇ ਵਾਸੇ
ਜਿਨ੍ਹਾਂ ਦੀ
ਅਣਜਾਣ ਬੰਦੇ ਲਈ
ਪਛਾਣ ਹੁੰਦੀ
ਜਿਨ੍ਹਾਂ ਦਾ ਘਰ ਛੱਪੜ ਕੋਲ
ਪੱਪੂ ਜਿਹੜਾ ਬੱਕਰੀਆਂ ਵਾਲਾ
ਰਾਮਾ ਜੇਹਦਾ ਪੇ ਜੁੱਤੀਆਂ ਗੰਢਦਾ
ਸੀਬਾ ਜਿਨ੍ਹਾਂ ਦਾ ਮੁੰਡਾ ਰੇਹੜੀ ਲਾਉਂਦਾ
ਜੇਹਦੇ ਘਰਵਾਲੀ ਲੋਕਾਂ ਦਾ ਗੋਹਾ ਕੂੜਾ ਕਰਦੀ
ਬੂਟਾ ਜਿਹੜਾ ਮਰੇ ਪਸ਼ੂ ਚੁੱਕਦਾ
ਕਾਲਾ ਜਿਹੜਾ ਨਾਲੀਆਂ ਸਾਫ਼ ਕਰਦਾ
ਤਾਰੇ ਹੁਣੀਂ ਜਿਹੜੇ ਵਾਣ ਵੱਟਣ ਦਾ ਕੰਮ ਕਰਦੇ
ਕਾਕਾ, ਹਲਵਾਈ,
ਹੋਰ ਕਾਕਾ ਦਰਜੀ
ਤਾਰੀ ਚਾਹ ਵਾਲਾ
ਕਹਿਣ ਨੂੰ ਕਿਰਤ ਮਹਾਨ,
ਕੰਮ ਛੋਟੇ
ਬੰਦੇ ਛੋਟੇ
ਵੱਡਿਆ ਦੀ ਨਜ਼ਰ ਵਿੱਚ।



## ਵੱਡਾ ਹੱਕ

ਆਉ ਅਸੀਂ
ਸਾਰੇ ਭਰਾ
ਇਕਮੁੱਠ ਹੋ ਕੇ
ਉਸ ਦਿਨ ਨੂੰ
'ਮਾਤਮ ਦਿਨ'
ਦੇ ਰੂਪ ਵਿਚ ਮਨਾਈਏ
ਜਦੋਂ ਮਨੂੰ ਨੇ
ਚਾਰ ਵਰਣਾਂ ਦੀ ਵੰਡ ਕਰਕੇ
ਵਖਰੇਵੇਂ ਦਾ ਬੀਜ
ਬੀਜਿਆ ਸੀ

ਆਪਣੀ ਹੋਂਦ ਦਾ
ਗਹਿਰਾ ਅਹਿਸਾਸ
ਕਰਵਾਉਣ ਲਈ
ਪ੍ਰਾਪਤ ਕਰੀਏ ਸਾਰੇ ਹੱਕ
ਸਭ ਤੋਂ ਵੱਡਾ ਹੱਕ
ਮਨੁੱਖ ਹੋਣ ਦਾ।

# ਤੂੰ ਮਨੁੱਖ

ਜ਼ਿੰਦਗੀ ਹਿੰਮਤ ਵਿੱਚ ਹੈ
ਢੇਰੀ ਢਾਹਕੇ ਬਹਿਣ ਵਿੱਚ ਨਹੀਂ
ਕੇਂਦਰ ਵਿਚ ਹੈ
ਹਾਸ਼ੀਏ ਤੇ ਨਹੀਂ
ਤੇਰੇ ਹਿੱਸੇ
ਆਈ ਇਕ ਜੰਗ
ਲੜ ਇੱਕ ਜੁਝਾਰੂ ਵਾਂਗ
ਤੇ ਲੜਦਾ ਜਾਹ
ਉਦੋਂ ਤੱਕ
ਜਦੋਂ ਤੱਕ
ਸਿਸਮਟ ਦਾ ਕੋਈ ਹਿੱਸਾ
ਨਾਕਾਰਾ ਨਾ ਹੋ ਜਾਵੇ
ਲੱਭ ਕੋਈ
ਇਸ ਦਾ ਕਮਜ਼ੋਰ ਪੱਖ
ਕਰ ਭਰਵਾਂ ਜਿਹਾ ਵਾਰ
ਬਦਲ ਜਾਵੇ
ਸਮਾਜ ਦਾ ਮੁਹਾਂਦਰਾ
ਸਭ ਤੋਂ ਵੱਡੀ
ਤੇ ਸ਼ਕਤੀਸ਼ਾਲੀ ਹਸਤੀ
ਤੂੰ ਮਨੁੱਖ!



# ਮੇਰਾ ਮੁੰਡਾ

ਮੇਰੇ ਮੁੰਡੇ ਨੂੰ ਉਦੋਂ ਬੜਾ ਗੁੱਸਾ ਆਉਂਦਾ
ਜਦੋਂ ਉਸ ਵੱਲੋਂ ਉਡਾਈ ਪਤੰਗ
ਵੱਡੀ ਕੋਠੀ ਵਾਲਿਆਂ ਦਾ ਮੁੰਡਾ
ਲੁਕ ਕੇ ਚਲਾਕੀ ਨਾਲ
ਗੀਟੀ ਪਾ ਕੇ ਸਣੇ ਡੋਰ ਲੁੱਟ ਲੈਂਦਾ

ਮੇਰਾ ਮੁੰਡਾ
ਕਾਹਲੀ-ਕਾਹਲੀ ਡੋਰ ਸਾਂਭਦਾ
ਮੇਰੇ ਨਾਲ ਪਤੰਗ ਨਾਲ ਡੋਰ
ਲੁੱਟ ਹੋਣ ਦੀ ਸਾਂਝੀ ਕਰਦਾ ਗੱਲ
ਉਸਨੂੰ ਸਮਝਾਉਣ ਲਈ
ਆਖਦਾ ਹਾਂ
ਤੇਰੇ ਕੋਲ ਡੋਰ ਦਾ ਘੱਟ ਹੋਣਾ
ਸਭ ਤੋਂ ਵੱਡਾ ਫਰਕ
ਸਾਡੇ ਕੋਠੇ ਦਾ ਨੀਵਾਂ ਹੋਣਾ
ਦੱਸਦਾ ਹਾਂ
ਸੁਣਦੇ ਸਾਰ ਮੁੰਡਾ ਸੋਚਾਂ ਵਿੱਚ ਪੈ ਜਾਂਦਾ
ਮੈਂ ਉਸਦੇ ਚਿਹਰੇ ਦੇ ਭਾਵਾਂ ਨੂੰ
ਪੜ੍ਹਦਾ ਹਾਂ
ਭਵਿੱਖ ਵਿੱਚ ਤਬਦੀਲੀ ਦੀ
ਲਾਉਂਦਾ ਹਾਂ ਆਸ।

## ਕੀੜੇ ਮਕੌੜੇ

ਢਿੱਡ ਭਰ ਰੋਟੀ
ਜੇ ਖਾਣ ਲੱਗ ਪਿਆ
ਥੋੜ੍ਹਾ ਬਹੁਤਾ ਆਪੇ
ਸਿਰ ਉੱਚਾ ਕਰਕੇ
ਜਿਊਂਣ ਲੱਗ ਪਿਆ
ਆਪੇ ਆਪਣਾ ਨਾਂ
ਗੀਤਾਂ ਵਿਚ
ਗਾਉਣ ਲੱਗ ਪਿਆ
ਉੱਚੇ ਦੇਖ ਨਾ ਸੁਖਾਉਂਦੇ
ਕਹਿੰਦੇ ਕੀੜੀਆਂ ਨੂੰ ਵੀ
ਖੰਭ ਨਿਕਲ ਆਏ
ਕੀੜੇ ਮਕੌੜੇ
ਹੀ ਸਮਝਦੇ ਰਹੇ
ਹੁਣ ਤੱਕ।



## ਦੁਰਾਚਾਰੀ ਹੀ ਠੀਕ

ਆਪਣੀ ਤੇ ਆਪਣੇ ਲੋਕਾਂ ਦੇ
ਬਣਦੇ ਹੱਕਾਂ ਦੀ ਗੱਲ ਕਰਨੀ
ਮੁੱਢ ਤੋਂ ਹੀ
ਗਲਤ ਤੇ ਉਂਗਲ ਧਰਨੀ
ਜੋ ਸਮਾਜ ਨੂੰ ਪਾੜਦਾ
ਜਾਤ ਦੇ ਨਾਂ 'ਤੇ
ਸਿਸਟਮ ਖਿਲਾਫ ਜੰਗ ਲੜਨੀ
ਆਪਣੇ ਨਾਲ ਹੁੰਦੀ
ਧੱਕੇਸ਼ਾਹੀ, ਬੇਇਨਸਾਫੀ ਅਤੇ ਬੇਪਤੀ ਦੀ ਕਥਾ
ਪੜ੍ਹਾਉਣੀ 'ਤੇ ਪੜ੍ਹਨੀ
ਤੁਹਾਡੀ ਨਜ਼ਰ ਵਿਚ
ਜੇ ਦੁਰਾਚਾਰ ਹੈ
ਤਾਂ ਮੈਂ ਦੁਰਾਚਾਰੀ ਹੀ ਠੀਕ ਹਾਂ
ਉਪਰੋਕਤ ਸਭ ਨੂੰ
ਮੈਂ ਬਾਰ-ਬਾਰ ਦੁਹਰਾਂਵਾਂਗਾ।

## ਪ੍ਰਸੰਗ

ਤੂੰ ਉਠ ਕੇ
ਖੜ੍ਹਾ ਤਾਂ ਹੋ
ਉਹ ਸਾਰੇ ਪ੍ਰਸੰਗ
ਸੁਣਾਉਣ ਲਈ
ਜੋ ਜੋਕਾਂ ਵਾਂਗ
ਚਿੰਬੜੇ ਤੇਰੇ ਮਨ-ਮਸਤਕ ਨੂੰ
ਜੋ ਉੱਠਦਿਆਂ-ਉੱਠਦਿਆਂ
ਦੱਬ ਲੈਂਦੇ
ਤੇਰੀ ਹਿੰਮਤ ਨੂੰ
ਕਰ ਦਿੰਦੇ ਨਿਸਲ
ਸੀਨੇ ਵਿਚਲੇ ਉਬਾਲ ਨੂੰ
ਡਰਦੇ ਮਾਰੇ
ਦਮ ਤੋੜ ਜਾਂਦੇ ਸੀਨੇ ਵਿਚ ਹੀ
ਡਰ ਦੇ ਜੰਜਾਲਾਂ ਤੋਂ ਬਾਹਰ ਆ ਕੇ
ਕਰ ਸਕੇਂਗਾ
ਸੱਚੀ ਤੇ ਖੜਕਵੀਂ ਗੱਲ।



## ਭਰਾ

ਭਰਾ ਸ਼ਬਦ
ਉਸਦੇ ਮੂੰਹ ਵਿੱਚ ਹੀ ਸੀ
ਉਹ ਚਾਰੇ ਖੁਰ ਚੁੱਕ ਕੇ
ਉਸਨੂੰ ਪੈ ਗਿਆ
ਮੈਂ ਤੇਰਾ ਭਰਾ ਕਿੱਦਾਂ ਹੋਇਆ
ਕੁੱਤਿਆ.......!
ਗਾਲ੍ਹ ਨਾ ਕੱਢੀ ਉਸਨੇ ਆਖਿਆ!
ਤੂੰ ਵੀ ਤਾਂ ਭਰਾ ਕਹਿ ਕੇ
ਗਾਲ੍ਹ ਹੀ ਕੱਢੀ ਮੈਨੂੰ।

## ਲਾਹਨਤ

ਤੂੰ ਮਰ ਜਾਂਏ
ਤੈਨੂੰ ਪੈ ਜਾਏ ਬੀਮਾਰੀ
ਹਰਾਮਦਿਆ ਪੁੱਟ ਲੈ ਪੈਰ
ਤੈਨੂੰ ਲੱਗ ਜਾਏ ਅੱਗ

ਰੂੜੀ ਨਾਲ ਲੱਦੇ ਰੇਹੜੇ ਨੂੰ ਲੈ ਕੇ
ਜਦ ਉਹ ਖੇਤ ਪਹੁੰਚਿਆ
ਗਿੱਲੇ ਖੇਤ ਵਿਚ ਰੇਹੜਾ ਬਹਿੰਦਾ ਜਾਵੇ
ਵੱਛਾ ਰੁਕ-ਰੁਕ ਜ਼ੋਰ ਲਾਵੇ
ਮਰ ਜਾਹ ਗਾਂਹਾਂ
ਤੂੰ ਵੀ ਮਾੜੇ ਚਮਾਰ ਵਾਂਗੂ
ਐਵੇਂ ਮਰਦਾ ਜਾਂਦਾ
ਉਹ ਦੇ ਉਪਰਲੇ ਸ਼ਬਦ
ਉਹਦੇ ਲਈ ਲਾਹਨਤ ਸੀ।
ਬੇਜ਼ੁਬਾਨ, ਬੇਸਮਝ
ਕੀ ਜਾਣੇ
ਉਹ ਤਾਂ ਆਪਣਾ
ਕਰ ਰਿਹਾ ਸੀ ਕਰਮ।



## ਆਦਤ

ਪਤਾ ਨਹੀਂ
ਇਹ ਤੇਰੇ ਖ਼ੂਨ ਵਿਚ
ਜਾਂ ਹੋਰਾਂ ਵਾਂਗ
ਤੇਰੀ ਹੈ ਆਦਤ
ਜਿੱਥੋਂ ਬੁਰਕੀ ਪੈਂਦੀ
ਉਥੇ ਹੀ ਅੱਗੇ ਪਿੱਛੇ
ਪੂਛ ਹਿਲਾਉਣ ਲੱਗ ਪੈਂਦਾ
ਉਹ ਜੋ ਤੈਨੂੰ ਖੜ੍ਹਾ ਕਰਨਾ ਚਾਹੁੰਦਾ
ਬੁਰਕੀਬਾਜ਼ਾਂ ਖਿਲਾਫ਼
ਲੜਨਾ ਚਾਹੁੰਦਾ
ਨੂੰ ਟਿੱਚ ਨਾ ਜਾਣੇ
ਤੂੰ ਤਾਂ ਸਾਡੀ ਵੀ ਇੱਜ਼ਤ ਗੁਆ ਦਿੰਦੈ
ਅਗਲਿਆ ਤਾਂ ਇਹੀ ਸਮਝਣਾ
ਇਹੋ ਜਿਹੇ ਹੀ ਨੇ
ਇਹ ਸਭ ਲੋਕ
ਇਨ੍ਹਾਂ ਦੀ ਔਕਾਤ ਹੀ ਏਨੀ
ਚਾਹ ਦੇ ਕੱਪ ਪਿੱਛੇ
ਦਸ-ਵੀਹ ਰੁਪਇਆਂ ਪਿੱਛੇ
ਹਾਂ ਜੀ, ਹਾਂ ਜੀ
ਸਾਹਿਬ ਜੀ, ਸਾਹਿਬ ਜੀ ਫਿਰਦਾ ਕਰਦਾ
ਗਲਤ ਗੱਲਾਂ 'ਤੇ ਵੀ ਐਵੇਂ ਹਾਮੀ ਭਰਦਾ।

## ਚੱਕਰਵਿਊ

ਉਹਨਾਂ ਰੱਖ ਛੱਡਿਆ
ਤੇਰੀ ਧੌਣ ਉੱਤੇ
ਆਪਣੀ ਤਾਕਤ
ਅਤੇ ਸਵੈਮਾਣ ਦਾ ਜੂਲਾ
ਪਿਤਿਆਉਣਗੇ
ਪੁਚਕਾਰਨਗੇ
ਜਦੋਂ ਧੌਣ ਉੱਚੀ ਕਰਕੇ
ਕਰਨੀ ਚਾਹੀ ਮਨ ਮਰਜ਼ੀ
ਬਰਦਾਸ਼ਤ ਨਹੀਂ ਕਰਨਗੇ
ਥੋੜ੍ਹਾ ਵੀ ਨਹੀਂ ਜਰਨਗੇ

ਇਹੋ ਕੁਝ ਮਿਲਿਆ ਹੈ
ਉਹਨਾਂ ਨੂੰ ਆਪਣੇ ਪੁਰਖਿਆਂ ਤੋਂ
ਇਹ ਵੀ
ਪਿਤਾ-ਪੁਰਖੀ ਰੀਤ ਨਿਭਾਉਣਗੇ
ਤੂੰ ਇਸ
ਚੱਕਰਵਿਊ ਨੂੰ ਤੋੜਨਾ ਹੈ
ਮੂੰਹ ਚੱਕੀ ਆਉਂਦਾ ਜੋ
ਰੀਤਾਂ ਦੇ ਦੈਂਤ ਦਾ ਮੂੰਹ
ਆਪਣੀ ਸੂਝ-ਬੂਝ ਨਾਲ
ਮੋੜਨਾ ਹੈ।



## ਉੱਤਮ ਪੁਰਖ

ਉੱਤਮ ਪੁਰਖ
ਮੈਂ ਹੀ ਹਾਂ
ਨਹੀਂ ਯਕੀਨ ਤਾਂ
ਇਤਿਹਾਸ ਦੇ ਪੰਨੇ ਫੋਲ
ਅੰਦਰ ਲੁਕਿਆ ਸੱਚ ਟੋਲ

ਕਿਰਤ ਕਰਾਂ ਹੱਕ ਦਾ ਖਾਵਾਂ
ਲੋਕਾਂ ਨੂੰ
ਭਰਮਾਂ ਵਿੱਚ ਪਾ ਕੇ
ਲੁੱਟਾਂ ਨਾ

ਮਿਹਨਤ ਮੇਰੀ ਪੂਜਾ
ਹੋਰਾਂ ਵਾਂਗੂ
ਗੱਲਾਂ ਦਾ ਨਾ ਖਾਵਾਂ

ਫਿਰ ਵੀ ਤੰਗ ਸੋਚ
ਬੀਮਾਰ ਮਾਨਸਿਕਤਾ ਵਾਲੇ
ਆਪਣੇ ਉੱਤੇ
ਪੈਣ ਨਾ ਦੇਣ ਮੇਰਾ ਪਰਛਾਵਾਂ
ਮੱਥੇ ਟਿੱਕਾ ਲਾਉਂਦੇ
ਸੰਖ ਵਜਾਉਂਦੇ
ਜਪਦੇ ਨਾਲੇ ਜੋ ਨਾਮ ਜਪਾਉਂਦੇ।

## ਹਮਖਿਆਲ

ਮੈਂ ਵਿਰੋਧੀ ਨਹੀਂ
ਤੇਰਾ ਹਮਖਿਆਲ ਹਾਂ
ਦੋਹਾਂ ਦਾ ਮਨੋਰਥ
ਸਮਾਜ ਵਿਚਲੀਆਂ
ਕੁਰੀਤੀਆਂ ਨੂੰ
ਜੜ੍ਹ ਤੋਂ ਮਿਟਾਉਣਾ ਹੈ
ਫ਼ਰਕ ਸਿਰਫ ਏਨਾ
ਕਿ ਸਮਾਜਕ ਕੁਹਜ ਨੂੰ
ਆਪੋ-ਆਪਣੇ
ਵਿਚਾਰਧਾਰਕ ਨਜ਼ਰੀਏ ਤੋਂ
ਆਪੋ-ਆਪਣੀ ਸਮੱਰਥਾ ਅਨੁਸਾਰ
ਕਵਿਤਾਵਾਂ ਵਿਚ ਲਿਆ ਕੇ
ਛੱਡ ਦਿੰਦੇ ਹਾਂ
ਸਧਾਰਨ ਤੇ ਪਾਰਖੂ
ਲੋਕਾਂ ਲਈ
ਰਹਿੰਦੇ ਹਾਂ
ਪ੍ਰਤੀਕਰਮ ਦੀ ਉਡੀਕ ਵਿੱਚ।



## ਮੇਰਾ ਸਮਾਜ

ਮੇਰਾ ਭਾਰਤ
ਮੇਰਾ ਸਮਾਜ
ਮੇਰੇ ਗੁਆਂਢੀ
ਸੀਬੂ ਦੇ ਮੰਜੇ ਵਾਂਗ ਹੈ
ਜਦੋਂ ਵੀ
ਇਸ ਉੱਤੇ ਪੈਂਦੀ
ਛੂਤ-ਛਾਤ, ਜਾਤ-ਪਾਤ
ਤੇ ਧਰਮ ਦੀ ਬਾਰਿਸ਼
ਕਾਣ ਆ ਪੈਂਦੀ
ਕਿੰਨੇ-ਕਿੰਨੇ ਦਿਨ
ਸੂਤ ਨਾ ਆਉਂਦਾ
ਬੜਾ ਖਪਾਉਂਦਾ
ਅੱਜ ਵੀ
ਕਾਣ ਸੂਤਾ ਹੈ
ਮੇਰਾ ਸਮਾਜ

ਯੁੱਗ ਬੀਤ ਗਏ
ਭਾਵੇਂ ਲਿਖਣ ਵਾਲੇ
'ਜੁੱਗ ਬਦਲ ਗਿਆ'
ਲਿਖ ਕੇ
ਕਦੋਂ ਦੇ ਤੁਰ ਗਏ
ਸਭ ਕੁਝ ਥਾਂਈ-ਥਾਂਈਂ
ਖੜ੍ਹਾ ਹੈ ਅਜੇ ਤਾਈਂ।

## ਵੱਡਾ ਉਲਾਂਭਾ

ਇਹ ਗੱਲ
ਉਸਦੇ ਮੂੰਹ 'ਤੇ
ਕਦੇ ਨਹੀਂ ਆਉਂਦੀ
ਘਸੇ ਪੁਰਾਣੇ ਕੱਪੜਿਆਂ ਵਿੱਚ
ਟੁੱਟੇ ਜਿਹੇ ਸਾਈਕਲ ਉੱਤੇ
ਤਿੰਨ ਕਿਲੋਮੀਟਰ
ਰੋਜ਼ ਫੈਕਟਰੀ ਜਾਣਾ ਪੈਂਦਾ

ਪੰਜ ਬੋਰੀਆਂ ਕਣਕ
ਆਖੇ ਮੰਡੀ ਲੈ ਕੇ ਜਾਊ
ਟਰੈਕਟਰ ਟਰਾਲੀ ਵਾਲੇ ਨੂੰ
ਭਾਵੇਂ ਪੈਸੇ ਪੈ ਜਾਣ ਦੇਣੇ
ਏਥੇ ਤੁਹਾਨੂੰ ਨਹੀਂ ਦੇਣੀ
ਕਣਕ ਪੁੱਛਣ ਤੇ
ਤੈਸ਼ 'ਚ ਆ ਕੇ
ਰੋਹਬ ਨਾਲ ਆਖਦਾ
ਤੁਸੀਂ ਕਿਹੜਾ ਸਾਡੇ ਦਿਹਾੜੀ ਆਉਂਦੇ।



## ਕਸਮਾਂ

ਆਪਣੇ ਆਪ ਨੂੰ
ਸੱਚਾ ਅਤੇ ਸਹੀ
ਸਾਬਤ ਕਰਨ ਲਈ
ਬਹਿਸ ਤੋਂ ਬਾਅਦ
ਜੋ ਕੁਝ ਬਚਦਾ ਹੈ
ਉਹ ਕਸਮ ਹੁੰਦੀ ਹੈ

ਕਸਮ ਯਕੀਨ ਪੈਦਾ ਕਰਦੀ
ਜਦੋਂ ਲੋਕ ਹੋਰਾਂ ਦੀਆਂ ਛੱਡ
ਆਪਣੇ ਰਹਿਬਰਾਂ ਦੀਆਂ
ਖਾਣ ਲੱਗ ਪੈਣ ਕਸਮਾਂ
ਬਦਲਾਅ ਦੇ ਸੰਕੇਤ
ਦਰਸਾ ਰਹੀ
ਸਮੇਂ ਦੀ ਘੜੀ ਹੁੰਦੀ
ਬੱਝਣ ਵਾਲਾ ਹੁੰਦਾ
ਨਵੇਂ ਇਤਿਹਾਸ ਦਾ ਮੁੱਢ

ਮੈਂ ਦੇਖੇ ਉਹ ਲੋਕ
ਜੋ ਸੀ
ਤ੍ਰਿਸਕਾਰੇ ਜਾਂਦੇ
ਲਿਤਾੜੇ ਜਾਂਦੇ
ਹੋਰਾਂ ਨੂੰ ਛੱਡ
ਖਾਂਦੇ ਹੁਣ ਕਸਮਾਂ
ਆਪਣੇ ਰਹਿਬਰਾਂ ਦੀਆਂ।

38273

# ਫ਼ੈਸਲਾ

ਮੈਂ ਭਾਵੇਂ
ਪਹਿਲੀ ਸ਼੍ਰੇਣੀ ਵਿੱਚ ਆ ਜਾਵਾ
ਭਾਵੇਂ ਦੂਜੀ ਵਿੱਚ
ਇਸ ਨਾਲ ਉੱਚਿਆਂ ਨੂੰ ਕੋਈ ਫ਼ਰਕ ਨਾ ਪੈਂਦਾ
ਰਹਿੰਦਾ ਤਾਂ ਮੈਂ ਉਹੀ ਨੀਵੀਂ ਜਾਤ ਵਾਲਾ ਹਾਂ
ਅਸੀਂ ਜੋ ਮਰਜ਼ੀ ਬਣ ਜਾਈਏ
ਜਿਤਾਉਣ ਵਾਲੇ ਜਿਤਾਉਂਦੇ
ਇਨ੍ਹਾਂ ਨੂੰ ਕੌਣ ਪੁੱਛਦਾ
ਇਹ ਆਪਣੇ ਆਪ ਵਿੱਚ
ਜੋ ਮਰਜ਼ੀ ਬਣ ਜਾਵਣ
ਭਰੀ ਪੰਚਾਇਤ 'ਚ
ਅਕਸਰ ਆਖ ਦਿੰਦੇ
ਹੁਣ ਅਸੀਂ ਫ਼ੈਸਲਾ ਵੀ
ਇਨ੍ਹਾਂ ਨੂੰ ਪੁੱਛਕੇ ਕਰਨਾ!



# ਚੰਗਾ ਹੋਇਆ

ਉਹਨਾਂ ਦੇ ਸ਼ੁਕਰ ਕਰਨ ਦਾ ਕਾਰਨ
ਬੀਤੇ ਸਮੇਂ ਦੀਆਂ
ਜਾਤੀਪਾਤੀ ਗੱਲਾਂ ਦਾ ਵਿਖਿਆਨ ਕਰਨ ਵਾਲਾ
ਉਹ ਬਜ਼ੁਰਗ
ਜੋ ਨਵੀਂ ਪੀੜ੍ਹੀ ਨੂੰ
ਹੱਡੀ ਹੰਢਾਏ ਦੁੱਖਾਂ ਤੋਂ
ਜਾਣੂ ਕਰਵਾਉਂਦਾ
ਇਤਿਹਾਸ ਦੇ ਪ੍ਰਸੰਗ ਸੁਣਾਉਂਦਾ
ਆਪਣੇ ਪੁਰਖਿਆਂ ਦੀਆਂ ਬਾਤਾਂ ਪਾਉਂਦਾ
ਜ਼ਿੱਲਤ ਭਰੀ ਜ਼ਿੰਦਗੀ ਤੋਂ ਨਿਜਾਤ ਪਾਉਣ ਲਈ
ਰਾਹ ਵਿਖਾਉਂਦਾ
ਨਾਸੰਗ, ਨਿਡਰ
ਰੋਹ ਵਿਚ ਆ ਕੇ
ਘੁੰਮਾ ਫਿਰਾ ਕੇ
ਹਰ ਗੱਲ ਇੱਥੇ ਲਿਆ ਟਿਕਾਉਂਦਾ
ਉਸ ਦੇ ਸੁਭਾਅ ਦਾ ਖਾਸਾ
ਕਹਿਣ ਤੇ ਵੀ ਨਾ ਟਲਦਾ
ਚੰਗਾ ਹੋਇਆ
ਬੁੜ੍ਹਾ ਤੁਰਦਾ ਹੋਇਆ
ਉੱਚੀ ਜਾਤ ਵਾਲੇ
ਅੱਧਖੜ ਉਮਰ ਦੇ
ਜਾਤੀ ਹੈਂਕੜ ਵਾਲੇ ਕਹਿੰਦੇ
ਨਵੇਂ ਗੁਲਾਮ ਬਣਾਏ ਜਾਣ ਵਾਲਿਆ ਨੂੰ
ਬੁੜ੍ਹਾ ਸੀ ਪਾਠ ਪੜ੍ਹਾਉਂਦਾ
ਇੱਜ਼ਤ ਦਾ ਰਾਹ ਵਿਖਾਉਂਦਾ।

# ਵਿਰੋਧੀ ਹਾਂ

ਵਿਰੋਧੀ ਹਾਂ
ਉਸ ਧਿਰ ਦਾ
ਜਿਸ ਨੇ ਦੁਨੀਆਂ ਵਿੱਚ ਨਫ਼ਰਤ ਦੀ
ਕਹਾਣੀ ਦਾ ਮੁੱਢ ਬੰਨ੍ਹਿਆ
ਜਿਨ੍ਹਾਂ ਇਸ ਦਾ
ਵਧ ਚੜ੍ਹਕੇ ਸਾਥ ਦਿੱਤਾ
ਦਿੰਦੇ ਆ ਰਹੇ ਨੇ

ਵਿਰੋਧੀ ਹਾਂ
ਉਸ ਸਿਸਟਮ ਦਾ
ਜਿਸ ਵਿਚ
ਭੇਦ-ਭਾਵ, ਜਾਤਪਾਤ
ਅਨਿਆਂ, ਜ਼ੁਲਮ,
ਲਾਚਾਰਗੀ ਅਤੇ ਹੀਣਤਾ ਦਾ ਹੈ
ਬੋਲਬਾਲਾ

ਕਰਾਂਗਾ ਪੁਕਾਰ
ਮਾਰਾਂਗਾ ਲਲਕਾਰ
ਤੁਸੀਂ ਵੀ ਮੇਰੇ ਇਸ ਵਿਰੋਧ ਵਿਚ ਸ਼ਾਮਿਲ ਹੋਵੇ
ਨਵੇਂ ਸਮਾਜ ਦੀ ਸਿਰਜਨਾ ਹੋਵੇ
ਮਨੁੱਖੀ ਇਤਿਹਾਸ ਅੰਦਰ।



# ਧਰਤੀ ਦਾ ਸਵਰਗ

ਤੁਹਾਡੀ ਸੇਵਾ ਦੇ ਬਦਲੇ
ਸਵਰਗਾਂ ਦਾ ਮੇਵਾ
ਮੈਨੂੰ ਨਹੀਂ ਚਾਹੀਦਾ
ਮੈਨੂੰ ਅਗਲੇ ਜਹਾਨ
ਸਵਰਗਾਂ ਦੀ ਲੋਚਾ ਨਾ
ਤੁਸੀਂ ਜਾਣਦੇ ਹੋ
ਪਛਾਣਦੇ ਹੋ
ਸਵਰਗਾਂ ਦੇ ਘਰ
ਉਨ੍ਹਾਂ ਅੰਦਰਲਾ ਨਿੱਘ
ਖੁਦ ਹੀ ਕਿਉਂ ਨਹੀਂ
ਪ੍ਰਾਪਤ ਕਰ ਲੈਂਦੇ

ਮੈਨੂੰ ਭਰਮਾਂ ਵਿਚ ਪਾ ਕੇ
ਆਪਣਾ ਗੁਲਾਮ ਬਣਾ ਕੇ
ਰੱਖਣ ਲਈ
ਉਸਾਰਦੇ ਹੋ ਮੇਰੇ ਸਾਹਮਣੇ
ਇਹ ਸਾਰਾ ਅਡੰਬਰ
ਇਸ ਧਰਤੀ ਦਾ ਸਵਰਗ
ਜੋ ਤੁਸਾਂ ਕੀਤਾ ਹੋਇਆ
ਆਪਣੇ ਕਬਜ਼ੇ ਵਿੱਚ
ਮੈਨੂੰ ਉਸ ਵਿੱਚੋਂ ਬਣਦਾ ਹਿੱਸਾ ਚਾਹੀਦਾ
ਤੇ ਹੋਰ ਬਹੁਤ ਕੁਝ ਤੋਂ ਛੁਟਕਾਰਾ।

## ਨਿੱਕੀ ਬਾਲੜੀ

ਕਿਸੇ ਅਖ਼ਬਾਰ 'ਚੋਂ ਕੱਟਕੇ ਫੋਟੋ
ਚੇਹਰੇ ਨਾਲ ਚੇਹਰਾ ਮੇਲ ਲਿਆਈ
ਕਿਸੇ ਪੁਲ ਹੇਠੋਂ
ਜਾਂ ਰੁੱਖ ਹੇਠੋਂ
ਲੱਗਦਾ ਸੁੱਤੀ ਉੱਠਕੇ ਆਈ

ਉਲਝੇ ਹੋਏ ਸਿਰ ਦੇ ਵਾਲ
ਧੁਆਂਖੇ ਕਪੜੇ
ਨੱਕ ਵਿੱਚ ਨੱਥ ਪਾਈ
ਹੱਥਾਂ ਵਿਚ
ਪੀਰਾਂ ਵਾਲੀ ਚਾਦਰ ਫੈਲਾਈ
ਦੇ-ਦੋ ਪੈਸਾ ਦੇ-ਦੇ ਪੈਸਾ
ਕੋਲੋਂ ਲੰਘਦੀ
ਇਕੋ ਰਟ ਲਾਈ

ਇਹ ਬਾਲੜੀ ਨਾ ਜਾਣੇ ਦੁਨੀਆਦਾਰੀ
ਇਹਦੇ ਕਿਸੇ ਵੱਡੇ ਤੇ ਸਮਝਦਾਰ ਨੇ
ਸੋਚ ਸਮਝ ਕੇ
ਫੋਟੋ ਇਹ ਦੇ ਹੱਥ ਫੜਾਈ
ਉਹ ਜਾਣਦਾ
ਲੋਕਾਂ ਦੀ ਨਬਜ਼ ਨੂੰ
ਸ਼ਰਧਾ ਦੇ ਨਾਂ ਤੇ
ਰੋਟੀ ਜਾਂਦੀ ਕਿਵੇਂ ਕਮਾਈ।



## ਏਕੇ ਦੀ ਘਾਟ

ਦਾਦਾ-ਬਾਪੂ
ਹੁਣੀਂ ਪੰਜ-ਪੰਜ ਭਰਾ
ਅੱਗੋਂ ਓਨੀ ਹੀ
ਉਹਨਾਂ ਦੀ ਔਲਾਦ
ਉੱਨੀਆਂ ਘਰ ਦਾ ਕੰਮ ਕਰਨ ਵਾਲੀਆਂ
ਏਨਾ ਵੱਡਾ ਟੱਬਰ
ਫਿਰ ਵੀ
ਪਿੰਡ ਦੀ ਸਰਦਾਰੀ
ਸਰਪੰਚੀ ਤੇ ਨੰਬਰਦਾਰੀ
ਪਿੰਡ ਦੇ
ਦਾਈ ਟੋਟਰੂਆਂ ਹੱਥ
ਭਾਵੇਂ ਹਰ ਵੋਟ ਦੀ ਕੀਮਤ
ਹੈ ਬਰਾਬਰ।

# ਮੇਰੇ ਪੁਰਖੇ

ਲੜਦੇ, ਘੁਲਦੇ ਰਹੇ
ਹਲਾਤਾਂ ਸੰਗ
ਜ਼ਿੰਦਗੀ ਨਾਲ
ਜ਼ਿੰਦਗੀ ਜਿਊਂਣ ਦੇ ਸੁਪਨਿਆਂ ਸੰਗ

ਜਿੱਤਦੇ-ਜਿੱਤਦੇ ਵੀ ਹਾਰ ਜਾਂਦੇ ਰਹੇ
ਜ਼ਿੰਦਗੀ ਦੀ ਬਾਜ਼ੀ
ਹੰਢਾਉਂਦੇ ਰਹੇ ਸੰਤਾਪ
ਬੇਗਾਨੇ ਹੋਣ ਦਾ
ਦੁਰਕਾਰੇ ਜਾਣ ਦਾ

ਮਰ ਖੱਪ ਗਏ
ਗ਼ੁਲਾਮੀ ਦੀਆਂ ਜੰਜ਼ੀਰਾਂ
ਕੱਟਦੇ-ਕੱਟਦੇ
ਉਮੀਦਾਂ ਦੇ
ਬੇੜੇ ਵੱਟਦੇ-ਵੱਟਦੇ
ਮੇਰੇ ਪੁਰਖੇ।



# ਐ ਮੇਰੇ ਲੋਕੋ

ਮੈਂ ਆਪਣੇ ਲੋਕਾਂ ਲਈ
ਲੜਨਾ ਚਾਹਾਂਗਾ
ਬੰਦੂਕ ਦੂਜਿਆਂ ਦੇ ਮੋਢੇ ਰੱਖਕੇ
ਨਹੀਂ ਚਲਾਵਾਂਗਾ
ਲੇਨਿਨ, ਮਾਰਕਸ ਅਤੇ ਅੰਬੇਡਕਰ ਨੂੰ
ਪੜ੍ਹਨਾ ਚਹਾਂਗਾ

ਐ ਮੇਰੇ ਲੋਕੋ
ਹੱਕਾਂ ਲਈ ਲੜਨਾ ਸਿੱਖੋ
ਜੋ ਲੜਦੇ ਤੁਹਾਡੇ ਹੱਕਾਂ ਲਈ
ਉਨ੍ਹਾਂ ਪਿੱਛੇ ਖੜ੍ਹਨਾ ਸਿੱਖੋ
ਨਕਾਬ ਪਾਈ ਚੇਹਰਿਆਂ ਨੂੰ
ਨਕਾਬ ਹਟਾ ਕੇ ਪੜ੍ਹਨਾ ਸਿੱਖੋ
ਜ਼ਿੰਦਗੀ ਵਿੱਚ
ਕੁਝ ਕਰਨਾ ਸਿੱਖੋ
ਵਾਲ ਦੀ ਖੱਲ ਲਾਹੁਣੀ
ਗੱਲ ਨੂੰ ਫੜ੍ਹਨਾ ਸਿੱਖੋ।

## ਮੇਰਾ ਲੀਡਰ

ਮੇਰੇ ਲੀਡਰ ਦੀਆਂ
ਜਿੰਨੀਆਂ ਵੋਟਾਂ ਜ਼ਿਆਦਾ ਹੋਣਗੀਆਂ
ਉਸ ਦੀ
ਉਨੀ ਕੀਮਤ ਵੱਧ ਪੈਂਦੀ
ਭੋਲੇ-ਭਾਲੇ ਲੋਕ
ਐਵੇਂ ਅੰਨ੍ਹਾ ਵਿਸ਼ਵਾਸ ਕਰ ਕੇ
ਪਾ ਦਿੰਦੇ ਨੇ ਵੋਟ
ਉਹ ਨਹੀਂ ਜਾਣਦੇ
ਅੰਦਰਲੀ ਗੱਲ
ਵਿਕ ਚੁੱਕਾ ਹੈ ਉਹ
ਮੰਝ-ਗਾਂ ਦਾ ਸੌਦਾ ਕਰਨ ਲੱਗਿਆ
ਟਾਇਮ ਲੱਗਦਾ ਅਜੇ
ਉਹ ਆਪਣਾ ਆਪ ਵੇਚਣ ਲੱਗੇ
ਦੇਰ ਨਾ ਲਾਉਂਦਾ
ਬਣ ਜਾਂਦਾ ਕੱਠਪੁਤਲੀ
ਹੋਰਾਂ ਦੇ ਹੱਥਾਂ ਦੀ
ਉਹ ਨੱਚਦਾ ਹੈ
ਜਿਵੇਂ ਨਚਾਉਂਦੇ ਉਹ।



## ਮਹਾਨ ਤਾਂ ਹੁੰਦਾ

ਇਹ ਰਾਜਾ ਜਨਕ ਦੀ
ਸ਼ਰਧਾ ਤਾਂ ਸੀ
ਪਰ ਜਾਤੀ ਹੇਜ਼ ਤੇ
ਸਵਾਰਥ ਵੀ ਸੀ
ਉਹ ਇੱਕ ਹਜ਼ਾਰ ਬ੍ਰਾਹਮਣਾਂ ਨੂੰ
ਭੋਜਨ ਛਕਾਉਦਾ
ਰੱਜਿਆਂ ਨੂੰ ਰਜਾਉਂਦਾ
ਹੱਥੀਂ ਝੂਠੇ ਪੱਤਲ ਚੁੱਕਦਾ
ਰਾਜਾ ਜਨਤਾ ਦਾ ਸੇਵਕ
ਜਨਤਾ ਦਾ ਰਖਵਾਲਾ
ਉਚ ਜਾਤੀ ਹੀ ਉਸਦੇ
ਸਤਿਕਾਰ ਦਾ ਪਾਤਰ
ਜੋ ਨੀਵੀਂ ਜਾਤ ਦੇ
ਮਨੁੱਖ ਨੂੰ ਮਨੁੱਖ ਨਾ ਸਮਝੇ
ਨੀਚ ਅਤੇ ਛੇਕਿਆ ਹੋਇਆ
ਕਹਿ ਕੇ ਦੁਰਕਾਰੇ

ਮੇਰੀ ਨਜ਼ਰ ਵਿੱਚ
ਮਹਾਨ ਤਾਂ ਉਹ ਤਾਂ ਹੁੰਦਾ
ਜੇ ਰੱਜਿਆਂ ਨੂੰ ਛੱਡ ਕੇ
ਭੁੱਖਿਆਂ ਨੂੰ
ਉੱਚਿਆਂ ਨੂੰ ਛੱਡ ਕੇ
ਨੀਵਿਆਂ ਪ੍ਰਤੀ ਦਿਆਲਤਾ ਵਿਖਾਉਂਦਾ
ਉਹਨਾਂ ਦੀ ਭੁੱਖ ਮਿਟਾਉਂਦਾ
ਆਪਣੇ ਦਰਬਾਰ ਵਿੱਚ
ਉਹਨਾਂ ਦੇ ਪੈਰ ਪੁਆਉਂਦਾ।

## ਵੱਡੇ-ਵੱਡੇ ਸਿਰ

ਮੈਨੂੰ ਤਕੜਾ ਹੁੰਦਾ ਦੇਖ
ਵਿਰੋਧੀ ਬੇਚੈਨ ਹੋਣ ਲੱਗੇ
ਉਠ ਖੜ੍ਹੇ ਨਾ
ਨਿਕਲ ਜਾਵੇ ਨਾ ਅੱਗੇ
ਹੁਕਮ ਮੰਨਣਾ ਹੀ ਕਰਮ ਇਸਦਾ
ਆਦਮ ਕੱਦ
ਵੱਡੇ-ਵੱਡੇ ਸਿਰ
ਰਾਜਧਾਨੀ ਵਿਚ ਬੈਠੇ
ਸੋਚਾਂ ਦੇ ਘੋੜੇ ਦੁੜਾਉਂਦੇ
ਦੇਸ਼ ਦੀ ਚਿੰਤਾ ਛੱਡ
ਮੇਰੇ ਤੇ ਸਿਰ ਖਪਾਉਂਦੇ
ਨਵੀਆਂ-ਨਵੀਆਂ ਪਾਲਿਸੀਆਂ ਬਣਾਉਂਦੇ
ਮੈਨੂੰ ਵੀ ਖ਼ਬਰ ਹੈ ਸਾਰੀ
ਮੈਂ ਵੀ ਕੋਈ ਸੁੱਤਾ ਹੋਇਆ ਨਹੀਂ
ਹੱਕ ਪ੍ਰਾਪਤੀ
ਹੱਕਾਂ ਦੀ ਰਖਵਾਲੀ ਲਈ
ਸਰਗਰਮ ਹਾਂ ਪੂਰੀ ਤਰ੍ਹਾਂ
ਲੱਭ ਰਿਹਾ ਹਾਂ
ਨਵੇਂ-ਨਵੇਂ ਰਾਹ
ਜਿਨ੍ਹਾਂ ਉੱਤੇ ਚਲ ਕੇ ਹੋ ਜਾਵਾਂ ਅਗਾਂਹ।



## ਪਿਉਂਦ

ਅਜੋਕੇ ਮਾਲੀ
ਦੂਰਅੰਦੇਸ਼ੀ
ਤੇ ਫਿਕਰਮੰਦ ਜਾਪਦੇ
ਧੰਨ ਰੂਪੀ ਔੜ ਦੇ ਮਾਰੇ
ਥੁੜਾਂ ਦੇ ਸਤਾਏ
ਬੂਟਿਆਂ ਤੇ ਰੱਖਦੇ ਬਰਾਬਰ ਨਜ਼ਰ
ਹਰ ਬੂਟੇ ਦੀਆਂ ਜੜ੍ਹਾਂ ਪਛਾਣਦੇ
ਹਰ ਹੀਲੇ ਪੂਰਤੀ ਕਰਨੀ ਜਾਣਦੇ
ਜਿਨ੍ਹਾਂ ਦੀ ਆਪਣੀ ਕੋਈ ਪਛਾਣ ਨਾ
ਉਨ੍ਹਾਂ ਤੇ ਆਪਣੇ ਰੰਗ
ਆਪਣੇ ਕੰਮ ਦੀ
ਪਿਉਂਦ ਚੜ੍ਹਾਉਣੀ ਜਾਣਦੇ
ਇਲਮ ਤੋਂ ਕੋਰੇ
ਭਵਿੱਖ ਤੋਂ ਬੇਖ਼ਬਰ
ਬੂਟਿਆ ਦੀ
ਹਰ ਨਬਜ਼ ਸਿਆਣਦੇ
ਬੂਟਿਆਂ ਨੂੰ ਵੀ ਹੁੰਦਾ ਫਿਕਰ
ਆਪਣੇ ਕੱਦ-ਕਾਠ ਤੇ ਫੈਲਾਅ ਦਾ
ਜਿਤਾ ਦਿੰਦੇ ਸਹਿਮਤੀ ਝੱਟ
ਤਿਆਰ ਹੋ ਜਾਂਦੇ
ਆਪਣੀ ਅਸਲ
ਪਛਾਣ ਗੁਆਉਣ ਲਈ।

## ਪਟੇ ਬਦਲ ਗਏ

ਗਲ ਉਹੀ
ਬਸ ਪਟੇ ਬਦਲ ਗਏ
ਪਹਿਲਾਂ ਸੀ ਗਿਲਾਨੀ ਤੇ ਪੈਂਠ ਦੇ
ਹੁਣ ਹਨ ਸ਼ਰਧਾ ਤੇ ਲਾਲਚ ਦੇ

ਮੇਰੇ ਲੋਕ ਪੁਆ ਲੈਂਦੇ
ਬਿਨਾਂ ਕੋਈ ਹੀਲ-ਹੁਜਤ ਕੀਤਿਆਂ
ਤੇ ਨਿਭਾਉਂਦੇ ਨੇ ਦੋ-ਦੋ ਪੀੜ੍ਹੀਆਂ ਤੱਕ
ਇਹ ਹੈ ਮੇਰੇ ਲੋਕਾਂ ਦੀ ਗੁਲਾਮੀ ਦਾ
ਨਵਾਂ ਤੇ ਸੋਧਿਆ ਹੋਇਆ ਰੂਪ
ਹੁਣ ਇਹ ਵਰਤੇ ਵੀ ਜਾਣਗੇ
ਬਲੀ ਦੇ ਬੱਕਰੇ ਵੀ ਬਣਨਗੇ
ਰੋਟੀ ਦੇ ਜੁਗਾੜ ਲਈ
ਜਿਹੜਾ ਰਸਤਾ ਅਖ਼ਤਿਆਰ ਕਰੀ ਜਾਂਦੇ
ਇਸਦਾ ਅੰਤ ਇਹ ਨਹੀਂ ਜਾਣਦੇ।



## ਜੂਝ ਰਿਹਾ

ਮਸਲਾ ਨਿਸ਼ਾਨ ਦਾ ਨਹੀਂ
ਇਨਸਾਨ ਦਾ ਹੈ
ਮਸਲਾ ਗਿਆਨ ਦਾ ਨਹੀਂ
ਤੂਫ਼ਾਨ ਦਾ ਹੈ
ਉਹ ਜੋ ਉਠਦਾ ਹੈ
ਅਤੀਤ ਦੀ ਹਿੱਕ ਅੰਦਰੋਂ
ਸੁਰੱਖਿਅਤ ਪਏ ਇਤਿਹਾਸ ਨੂੰ ਪੜ੍ਹਕੇ
ਸੋਚ ਵਿਚਾਰ ਕੇ

ਮਨੁੱਖ ਜੋ ਆਪਣੀ ਹਸਤੀ ਦੀ ਪਛਾਣ ਲਈ
ਜੂਝਦਾ ਆਇਆ
ਜੂਝ ਰਿਹਾ ਹੈ
ਸਿਸਟਮ ਖਿਲਾਫ਼
ਇਹ ਜੋ ਪਲੀਤ ਹੈ
ਨੀਚ ਹੈ, ਜ਼ਿੱਲਤ ਹੈ
ਹੋ ਸਕੇ ਸਾਫ਼।

## ਬਾਪੂ ਬੋਲਦਾ

ਰੋਜ਼ ਸ਼ਾਮਾਂ ਨੂੰ
ਕੋਠੇ ਦੀ ਛੱਤ ਉੱਤੇ
ਬਿੱਲੀਆਂ ਆਣ ਲੜਦੀਆਂ
ਇਕ ਦੂਜੇ ਨੂੰ ਗੁਰੇਰਦੀਆਂ ਸੁਣ
ਬਾਪੂ ਆਪਣੀ ਗੱਲ ਲੈ ਬਹਿੰਦਾ
ਇਨ੍ਹਾਂ ਦਾ ਭਲਾ ਕਾਹਦਾ ਰੌਲਾ
ਭਲਾ ਇਨ੍ਹਾਂ ਨੇ ਕੀ ਵੰਡਣਾ ਹੋਇਆ

ਇਹ ਵੀ ਮੇਰੇ ਲੋਕਾਂ ਵਾਂਗ
ਐਵੇਂ ਫਸ ਪੈਂਦੀਆਂ
ਟਿਕਕੇ ਨਾ ਬਹਿੰਦੀਆਂ
ਨਾ ਕੋਈ ਜ਼ਮੀਨ
ਨਾ ਕੋਈ ਕਾਰੋਬਾਰ
ਸਾਡੇ ਤਾਂ ਵੰਡਣ ਨੂੰ ਹੁੰਦਾ
ਬੇਬੇ-ਬਾਪੂ
ਵਿਹੜਾ, ਮੰਜੇ
ਖਿੱਚੀ ਜਾਂਦੀ ਇੱਕ ਲਕੀਰ
ਵਿਹੜੇ ਵਿੱਚ
ਚਾਰਖਾਨੇ ਕਮਰੇ ਨੂੰ
ਦੋ ਦਰਵਾਜ਼ੇ
ਇਕ ਚੁੱਲ੍ਹਾ ਸਾਹਮਣੀ ਨੁਕਰੇ
ਦੂਜਾ ਦੂਜੀ ਨੁਕਰੇ
ਬਿਜਲੀ ਦਾ ਬਿੱਲ ਅੱਧਾ-ਅੱਧਾ।



## ਪੈਰਾਂ ਦਾ ਸਫ਼ਰ

ਪੈਰਾਂ ਦਾ ਸਫ਼ਰ ਹੈ
ਕਿ ਮੁੱਕਦਾ ਹੀ ਨਹੀਂ
ਨਿਰੰਤਰ ਜਾਰੀ ਹੈ
ਕਿ ਰੁਕਦਾ ਹੀ ਨਹੀਂ

'ਸਦੀਆਂ' ਦਾ ਸੂਰਜ
ਚੜ੍ਹਦਾ ਲਹਿੰਦਾ ਰਿਹਾ
ਸਿਸਟਮ ਬੇਪਰਵਾਹ ਰਿਹਾ
ਦੂਰੀਆਂ ਨਾਪਦੇ ਰਹੇ ਲੋਕ
ਗਿੱਟ ਦੀ ਜਰੀਬ ਲੈ ਕੇ

ਮੇਰੇ ਪੁਰਖਿਆਂ ਦਾ ਲਹੂ
ਹੋਇਆ ਅਸ਼ੁੱਧ
ਭਾਵੇਂ ਉਹ ਕਈ-ਕਈ ਸਾਲ
ਉਸੇ ਲਹੂ ਨਾਲ ਸਮਾਂ ਗੁਜ਼ਾਰਦੇ ਰਹੇ
ਰਾਹਾਂ ਵਿਚ ਖੜਾਵਾਂ
ਪੈਰਾਂ ਦੀ ਕਰਮ ਭੂਮੀ ਨਾ।

## ਸਾਡੀ ਆਵਾਜ਼

ਸਾਡੀ ਆਵਾਜ਼ ਤਾਂ ਦੱਬ ਗਈ
ਕਦੇ ਆਜ਼ਾਦੀ ਦੀ ਲੜਾਈ ਅੰਦਰ
ਆਜ਼ਾਦੀ ਦੇ ਜ਼ਸ਼ਨਾਂ ਅੰਦਰ
ਕਦੇ ਸਮਾਜਵਾਦ
ਕਦੇ ਨਕਸਲੀ ਲਹਿਰ ਅੰਦਰ
ਕਦੇ ਦੰਗੇ ਫਸਾਦਾਂ
ਧਰਮਾਂ ਦੀ ਖਿੱਚੋਤਾਣ ਅੰਦਰ
ਕਦੇ ਵੀ ਨਾ ਬਣ ਸਕੀ
ਮੁੱਖ ਮੁੱਦਾ
ਅਣਗੌਲੀ ਕਰ ਛੱਡਿਆ
ਲੋੜ ਹੀ ਨਾ ਸਮਝੀ
ਸਾਰ ਲੈਣ ਦੀ
ਹਾਸ਼ੀਏ ਤੇ ਟਿਕਾਈ ਰੱਖਿਆ
ਸ਼ਾਮਿਲ ਹੀ ਨਾ ਹੋਣ ਦਿੱਤਾ
ਮੁੱਖਧਾਰਾ ਅੰਦਰ
ਵੋਟ ਬੈਂਕ ਤਕ ਕਰ ਦਿੱਤਾ ਸੀਮਤ
ਉਲਝਾਈ ਰੱਖਿਆ
ਨਵੇਂ-ਨਵੇਂ ਲਾਲਚਾਂ ਅੰਦਰ।



## ਸੋਚ ਦਾ ਫ਼ਰਕ

ਮੇਰੀ ਗੱਲ ਤੈਨੂੰ ਜੱਚੀ ਨਹੀਂ
ਜੱਚੂ ਵੀ ਕਿੱਦਾ
ਦੇਹ ਉਤੇਜਨਾ
ਦੀਆਂ ਰਚਨਾਵਾਂ ਹੀ,
ਤੇਰੇ ਮਨ ਨੂੰ ਭਾਉਂਦੀਆਂ
ਮੇਰੇ ਕੋਲ ਇਨ੍ਹਾਂ ਗੱਲਾਂ ਲਈ ਸਮਾਂ ਨਹੀਂ
ਮੈਂ ਤਾਂ ਗੱਲ ਕਰਦਾ ਹਾਂ
ਕਿਸੇ ਗਰੀਬ ਦੀ ਲਾਚਾਰੀ ਦੀ
ਥੁੜ੍ਹਾਂ ਦੀ
ਭੁੱਖੇ ਦੇ ਵਿਲਕਣ ਦੀ
ਜਾਤੀ-ਪਾਤੀ ਵਿਤਕਰੇ ਦੀ
ਆਮ ਮਨੁੱਖ ਦੀਆਂ
ਮਜ਼ਬੂਰੀਆਂ ਦੀ
ਏਨਾ ਫਰਕ ਕੀ ਥੋੜ੍ਹਾ ?

## ਮਘਦੇ ਅੱਖਰ

ਸ਼ਬਦਾਂ ਵਿਚੋਂ ਹੀ
ਹਾਸਲ ਹੋਣਾ ਹੈ ਗਿਆਨ
ਇੱਥੋਂ ਹੀ ਮਿਲਣੀ ਹੈ
ਜੂਝਣ ਦੀ ਸ਼ਕਤੀ

ਮਘਦੇ ਅੱਖਰਾਂ 'ਚੋਂ
ਸੁਲਗਣਾ ਹੈ ਸਮਝ ਦਾ ਕੋਲਾ
ਪੜ੍ਹਦੇ ਜਾਣਾ, ਪੜ੍ਹਦੇ ਜਾਣਾ
ਇਸ ਨੇ ਹੀ ਧਾਰਨਾ ਕਰਨਾ ਹੈ
ਵਿਚਾਰਧਾਰਾ ਦਾ ਰੂਪ
ਫੈਲ ਜਾਣਾ ਹੈ
ਲੱਖਾਂ ਹਜ਼ਾਰਾਂ ਸਫਿਆਂ ਉੱਤੇ

ਪਹੁੰਚ ਜਾਣਾ ਹਰ ਘਰ ਦੇ
ਹਨੇਰੇ ਕੋਨਿਆਂ ਤਕ
ਨਵੇਂ ਰੂਪ ਵਿਚ ਮਿਲੇਗਾ
ਘਰ ਦੇ ਦਰਵਾਜ਼ਿਆਂ ਤੋਂ ਬਾਹਰ
ਰੋਸ਼ਨ ਮਨੁੱਖ।



## ਜਾਲ

ਸਦੀਆਂ ਤੋਂ ਬੁਣਿਆ ਗਿਆ
ਮੇਰੀ ਹੋਂਦ,
ਮੇਰੇ ਜੀਵਨ ਦੁਆਲੇ
ਜੋ ਜਾਲ ਜਾਤ-ਪਾਤ ਦਾ
ਟੋਟੇ-ਟੋਟੇ ਹੋ ਕੇ ਖਿਖਰ ਜਾਵੇਗਾ
ਜਿਉਂ-ਜਿਉਂ ਮੇਰੀ ਸਮਾਜਿਕਤਾ ਦਾ ਕੱਦ
ਵਧੇ-ਫੁਲੇਗਾ
ਜਦੋਂ ਇਹ ਜਾਲ ਮੇਰੇ ਮੇਚ ਨਾ ਰਿਹਾ

ਮੇਰਾ ਜੀਵਨ
ਮੇਰੀ ਹੋਂਦ
ਹੋ ਜਾਣਗੇ ਆਜ਼ਾਦ
ਜਿਸ ਵਿਚ ਜਕੜਿਆ ਹੋਇਆ
ਮੇਰਾ ਅਤੀਤ,
ਮੇਰਾ ਵਰਤਮਾਨ।

## ਮੈਨੂੰ ਵੀ ਪਤਾ

ਮੈਨੂੰ ਵੀ ਪਤਾ ਹੁਣ
ਧੀਆਂ-ਪੁੱਤਰਾਂ ਨੂੰ
ਕਿਹੜਾ ਪਾਠ ਪੜ੍ਹਾਉਣਾ
ਕਿਹੜੇ ਰਾਹ ਪਾਉਣਾ
ਕਿੱਦਾਂ ਅੱਗੇ ਆਉਣਾ

ਪੜ੍ਹੀ-ਲਿਖੀ ਹਾਂ
ਸਮਝ ਹੈ ਦੁਨੀਆਦਾਰੀ ਦੀ
ਪਹਿਲਾਂ ਵਾਲੀ ਔਰਤ ਨਾ
ਦੋਹਰੀ ਖਾਧੀ ਹੈ ਮਾਰ
ਇਕ ਔਰਤ ਦੂਜੀ ਨੀਂਚ

ਮੈਨੂੰ ਹੁਣ 'ਮਨੂੰ' ਮਿਲੇ
ਗਲ ਨੂੰ ਹੱਥ ਪਾ ਕੇ ਪੁੱਛਾਂ
ਮਾਂ ਤੋਂ ਮਗਰੋਂ ਦੁਨੀਆਂ ਤੇ ਆ ਕੇ
ਕਿਵੇਂ ਬਲਵਾਨ ਹੋ ਗਿਆ
ਕਿਵੇਂ ਸਮਝਦਾਰ ਹੋ ਗਿਆ
ਅਹਿਸਾਨ-ਫਰਾਮੋਸ਼
ਮਾਂ ਦੀ ਵੀ ਤੈਨੂੰ ਸ਼ਰਮ ਨਾ ਆਈ
ਕਿੱਥੇ ਬਹਿਕੇ, ਕਿਹੜੇ ਵੇਲੇ
ਊਚ-ਨੀਚ ਦੀ ਕਰੀ ਪੜ੍ਹਾਈ।



## ਹੋ ਸਕਦਾ

ਆਪਣੀ ਇੱਜ਼ਤ
ਤੂੰ ਆਪ ਕਰਨੀ ਸਿੱਖ
ਦੂਜਿਆਂ ਤੋਂ ਆਸ ਲਾਕੇ
ਭਰਮਾਂ 'ਚ ਰਹਿਣਾ ਮੂਰਖਤਾ
ਏਥੇ ਤਾਂ ਉੱਚੇ ਵੀ ਇੱਜ਼ਤ ਦੇ ਭੁੱਖੇ
ਭੁੱਖੇ ਤੋਂ ਭੁੱਖਾ ਮੰਗੇ
ਡੰਗ ਕਿਵੇਂ ਲੰਘੇ
ਭੁੱਖਾਂ ਨੂੰ ਘਟਾਅ
ਸਮਝ ਨੂੰ ਵਧਾਅ
ਸਮਝ ਨਾਲ ਲੜਾਈ ਜਿੱਤੀ ਜਾਂਦੀ
ਸਾਧਨਾਂ ਤੱਕ ਪੁੱਜਿਆ ਜਾਂਦਾ
ਐਬਾਂ ਦੀ ਫੱਟੀ ਪੋਚਕੇ ਰੱਖ
ਜਾਤ ਨਾ ਵੀ ਬਦਲੇ
ਦਿਲ ਤੇ ਨਾ ਲਾ
ਜ਼ਿੰਦਗੀ ਤਾਂ ਬਦਲੀ ਜਾ ਸਕਦੀ
ਇਹ ਤਾਂ ਤੇਰੇ ਵੱਸ ਵਿੱਚ
ਇਹ ਤਾਂ ਮੰਨ।

## ਜਿਊਂਣ ਦਾ ਸਲੀਕਾ

ਗੱਲ ਕਰਨੀ ਤਾਂ ਜਿਗਰੇ ਵਾਲੀ
ਉਸਾਰੂ ਜਿਹੀ ਕਰਿਆ ਕਰ
ਉਦਾਸੀ ਵਿਚ ਲਿਬਰੇਜ਼ ਸ਼ਬਦਾਂ ਨੂੰ
ਸੀਨੇ ਵਿਚ ਜੋਸ਼ ਤੇ ਹੋਸ਼ ਨਾਲ
ਨਵੀਂ ਤਾਕਤ ਦੇ ਕੇ
ਬੁੱਲ੍ਹਾਂ ਤੇ ਲਿਆ
ਜੋ ਕੱਢ ਸਕਣ
ਤੈਨੂੰ ਤੇ ਤੇਰੇ ਜਿਹੇ ਹੋਰਾਂ ਨੂੰ
ਨੀਰਸ ਤੇ ਡਾਂਵਾ-ਡੋਲ ਨੂੰ
ਸਹਿਮ ਦੇ ਮੱਕੜੀ ਜਾਲ ਵਿੱਚੋਂ

ਜੋ ਹਟਾ ਸਕਣ
ਮਨੋਬਲ ਉਪਰ ਪਈ
ਹੀਣਤਾ ਦੀ ਧੁੰਧ
ਜਗਾ ਸਕਣ
ਇਕ ਜਨੂਨ,
ਨਵੀਂ ਚਾਹਤ
ਜ਼ਿੰਦਗੀ ਜਿਊਂਣ ਦੇ।



## ਤੂੰ ਤਾਂ ਬੰਦਾ

ਉਏ! ਬਾਜ਼ੀਗਰਾ
ਤੈਨੂੰ ਪਤਾ ਨਹੀਂ ਲੱਗਦਾ
ਤੇਰੀਆਂ ਬੱਕਰੀਆਂ
ਰਾਹ 'ਚ ਉੱਗੇ ਘਾਹ ਦੇ ਨਾਲ
ਬੰਨੇ ਤੇ ਬਰਸੀਮ ਨੂੰ ਵੀ
ਮੂੰਹ ਮਾਰੀ ਜਾਂਦੀਆਂ

ਚੌਧਰੀ ਸਾਹਿਬ
ਬੱਕਰੀਆਂ!
ਬਥੇਰਾ ਮੋੜੀਦਾ
ਮੂੰਹ ਮਾਰ ਹੀ ਜਾਂਦੀਆਂ

ਪਰ ਚੌਧਰੀ ਸਾਹਿਬ!
ਤੂੰ ਤਾਂ ਬੰਦਾ
ਤੂੰ ਤਾਂ ਸਮਝ ਕਰ।

## ਚੁੱਪ ਰਹਿਣ ਵਾਲੇ

ਭਰਾਵਾ ਤੇਰੀ ਤੇ ਮੇਰੀ ਹਾਲਤ
ਭਾਰਤੀ ਸਮਾਜ ਅੰਦਰ
ਬਿਲਕੁਲ ਉਸ ਤਰ੍ਹਾਂ ਦੀ
ਜਿਸ ਤਰ੍ਹਾਂ ਅੰਗਰੇਜ਼ੀ ਭਾਸ਼ਾ ਅੰਦਰ
ਚੁੱਪ ਰਹਿਣ ਵਾਲੇ ਅੱਖਰਾਂ ਦੀ
ਜੋ ਸ਼ਬਦ ਅੰਦਰ ਹਾਜ਼ਰ ਤਾਂ ਹੁੰਦੇ
ਪਰ ਨਾ ਹੋਇਆਂ ਬਰਾਬਰ

ਮੈਨੂੰ ਇਝ ਲੱਗਦਾ
ਜਿਵੇਂ ਸਾਡੇ ਸਮਾਜ ਦੀ ਬਣਤਰ
ਤੇ ਅੰਗਰੇਜ਼ੀ ਭਾਸ਼ਾ ਦੀ ਬਣਤਰ
ਵਿੱਚ ਹੈ ਵੱਡੀ ਸਾਂਝ

ਪਰ ਅਸੀਂ ਆਪਣੀ ਪਛਾਣ ਕਰਾਉਣੀ
ਹੋਂਦ ਬਣਾਉਣੀ,
ਹਸਤੀ ਦਿਖਾਉਣੀ
ਇਹ ਚੁੱਪ ਵਾਲੀ
ਕਜ਼ਾ ਹੀ ਮੁਕਾਉਣੀ।



## ਚਿੜੀ ਚਿੜਾ

ਮੇਰੇ ਘਰ ਦੇ ਇੱਕ ਕੋਨੇ
ਚਿੜੀ ਚਿੜਾ
ਆਲ੍ਹਣਾ ਪਾਉਣ ਲਈ
ਕੱਖ ਟਿਕਾਉਣ ਲਈ
ਰੋਜ਼ ਸਵੇਰ ਤੋਂ ਸ਼ਾਮ ਤਕ
ਅੱਡੇ-ਵਾਹੇ ਲੈਂਦੇ
ਤੰਗ ਜਿਹੀ ਜਗ੍ਹਾ ਤੇ
ਇਕ ਵੀ ਕੱਖ ਟਿਕਾਅ ਨਾ ਪਾਉਂਦੇ

ਪਿਛਲੇ ਤਿੰਨ ਚਾਰ ਦਿਨਾਂ ਤੋਂ
ਇਨ੍ਹਾਂ ਦੀ ਜਦੋ-ਜਹਿਦ ਨੂੰ ਤੱਕ ਕੇ
ਖ਼ਿਆਲ ਆਉਂਦਾ
ਭਲਾ ਇਨ੍ਹਾਂ ਦੀ ਮੇਰੇ ਵਾਂਗ
ਕਿਹੜੀ ਮਜ਼ਬੂਰੀ
ਇਨ੍ਹਾਂ ਲਈ ਤਾਂ ਬਾਹਰ
ਹੋਰ ਜਗ੍ਹਾ ਬਥੇਰੀ।

## ਲੜਦੇ ਹੋਏ

ਬਿੱਲੇ ਤੋਂ ਬਚਾਅ
ਅੱਖਾਂ ਬੰਦ ਕਰਕੇ ਹੋਣ ਵਾਲਾ ਨਹੀਂ
ਹੱਥ ਜੋੜ-ਜੋੜ ਕੇ
ਦੁੱਖਾਂ ਤੋਂ ਛੁਟਕਾਰਾ ਮਿਲਣ ਵਾਲਾ ਨਹੀਂ

ਇਸ ਦੇ ਲਈ ਤਾਂ
ਪੂਰੀ ਤਰ੍ਹਾਂ ਜਾਗ ਕੇ
ਅੱਖਾਂ ਤੇ ਹੱਥ ਖੋਲ੍ਹ ਕੇ
ਵੱਡਾ ਹੰਭਲਾ ਮਾਰਨਾ ਪੈਣਾ

ਮੂੰਹ ਲੁਕਾਉਂਦਿਆ ਨਹੀਂ
ਸਿੱਧਾ ਹਿੱਕ ਵਿਚ ਵੱਜਦਿਆਂ ਮਿਲਣਾ ਛੁਟਕਾਰਾ
ਚੰਨ ਦੀ ਤਾਂ ਰਾਤ ਹੁੰਦੀ
ਦਿਨ ਤਾਂ ਸੂਰਜ ਦਾ ਹੁੰਦਾ।



## ਆਦਿ, ਮੱਧ, ਭਵਿਖ

ਨਾਂ ਮੈਂ ਛਾਂਗਿਆ ਰੁੱਖ
ਨਾ ਮੈਂ ਵਿਲਕਦਾ ਰੁੱਖ
ਮੈਂ ਤਾਂ ਜਿਉਂਦਾ ਜਾਗਦਾ
ਸਾਬਤ-ਸਬੂਤਾ ਮਨੁੱਖ
ਆਦਿ, ਮੱਧ ਤੇ ਭਵਿਖ ਹੈ ਮੇਰਾ
ਸਮੇਂ ਦੇ ਚੁਸਤ ਲੋਕਾਂ ਨੇ
ਪਾਈ ਮੇਰੀ ਝੋਲੀ
ਘ੍ਰਿਣਾ, ਬੇਗਾਨਗੀ ਅਤੇ ਜ਼ਿਲਤ ਦੀ ਸੁਗਾਤ
'ਮੈਂ' ਨੂੰ ਨਵੀਆਂ ਦਿਸ਼ਾਵਾਂ
ਨਵੇਂ ਨਿਸ਼ਾਨੇ
ਨਵੀਆਂ ਰਾਹਾਂ ਦੀ ਹੈ ਝਾਤ

ਮੇਰੀ ਹੋਂਦ ਸਮੇਂ ਦੀ ਹਿੱਕ ਅੰਦਰ
ਮੈਂ ਆਪਣੇ ਆਪ ਨੂੰ ਟਿਕਾਵਾਂਗਾ
ਇਸ ਤਰ੍ਹਾਂ
ਇਕ ਦਿਨ ਉੱਠ ਖੜ੍ਹਾਂਗਾ
ਨਵਾਂ ਰੂਪ ਲੈ ਕੇ
ਫੈਲ ਜਾਵਾਂਗਾ
ਸੰਸਾਰ ਦੇ ਸਫ਼ੇ ਉੱਤੇ।

## ਜਾਗੋ ! ਜਾਗੋ !

ਜਾਗੋ ! ਜਾਗੋ !
ਮਜਬੂਰੀਆਂ ਛੱਡੋ
ਸ਼ਰਮ ਤਿਆਗੋ
ਹੱਕਾਂ ਦੇ ਲਈ ਖੜ੍ਹਨਾ
'ਕੱਠੇ ਹੋ ਕੇ ਲੜਨਾ
ਅੜਨਾ ਸਿੱਖੋ
ਸਿੱਖੋ ਚੁਸਤ ਚਲਾਕੀ
ਜ਼ੁਲਮ ਤੋਂ ਹੋਣਾ ਆਕੀ
ਸਮਝ ਦੀ ਖੋਲ੍ਹਕੇ ਤਾਕੀ
ਜਾਤ-ਪਾਤ ਅਤੇ ਊਚ-ਨੀਚ 'ਤੇ
ਤਰਕ ਦੇ ਗੋਲੇ ਦਾਗੋ
ਜਾਗੋ ਵੀਰੋ ! ਜਾਗੋ ਭੈਣੋ !
ਆਪਣੇ ਹੱਕ ਪਛਾਣੋ।



## ਪੁੱਠਾ ਗੇੜਾ

ਨਾ ਮੇਰੇ ਮੱਥੇ 'ਤੇ ਲਿਖਿਆ
ਨਾ ਮੇਰੇ ਹੱਥਾਂ 'ਚ ਲਿਖਿਆ
ਜੋ ਜ਼ਬਰਦਸਤੀ ਮੇਰੇ 'ਤੇ ਮੜ੍ਹਿਆ
ਉਹੀ ਸੀਨੇ ਫਨੀਅਰ ਬਣਕੇ ਲੜਿਆ
ਉਸੇ ਦਾ ਮੈਨੂੰ ਜ਼ਹਿਰ ਹੈ ਚੜ੍ਹਿਆ

ਤੁਹਾਡੇ ਤੋਂ ਕੀ ਲੁਕਿਆਂ ਮੇਰਾ
ਸੀਨੇ ਕੁਹਰਾਮ ਹੈ ਮੱਚਿਆ
ਇਹ ਰਚਨਾ ਉਸੇ ਨੂੰ ਛੇੜਾ
ਮਹਾਂ ਚੱਕਰ ਜੋ ਚਲਾਇਆ
ਸ਼ਕਤੀ ਬਣਕੇ ਉਸੇ ਨੂੰ
ਦੇ ਦਿੱਤਾ ਹੈ ਪੁੱਠਾ ਗੇੜਾ।

## ਯੁੱਧ

ਇਕ ਯੁੱਧ
ਨਿਰੰਤਰ ਹੈ ਜਾਰੀ
ਜੋ ਲੜਿਆ ਜਾ ਰਿਹਾ
ਨਾਅਰਿਆਂ ਦੇ ਨਾਲ
ਕਲਮਾਂ ਤੇ ਕਿਰਤਾਂ ਦੇ ਨਾਲ

ਇਕ ਯੁੱਧ
ਉਹ ਯੁੱਧ
ਜੋ ਮਨੁੱਖ ਲੜਦਾ ਹੈ
ਆਪਣੇ ਆਪ ਨਾਲ
ਜੋ ਕਦੇ ਜਿੱਤਦਾ
ਕਦੇ ਹਾਰਦਾ ਹੈ।



## ਲਕੀਰ

ਵੱਡੀ ਗਲੀ ਨੂੰ ਵੇਖਕੇ ਲੱਗਦਾ
ਇਸ ਪਿੱਛੇ ਹੈ ਕੋਈ ਵੱਡਾ ਰਾਜ਼
ਪਿੰਡ ਦੀ ਮੋੜ੍ਹੀ ਗੱਡਦਿਆਂ
ਉੱਚੀ ਜਾਤ ਵਾਲਿਆਂ
ਜ਼ਮੀਨ ਦੇ ਮਾਲਕਾਂ
ਖਿੱਚੀ ਹੁਣੀਂ ਇਕ ਲਕੀਰ
ਤੈਅ ਕੀਤੇ ਹੁਣੇ ਪਾਸੇ
ਚੜ੍ਹਦੇ ਪਾਸੇ ਅਸੀਂ
ਲਹਿੰਦੇ ਪਾਸੇ ਤੁਸੀਂ
ਇਹ ਗਲੀ
ਉਸ ਖਿੱਚੀ ਹੋਈ ਲਕੀਰ ਦਾ
ਵੱਡਾ ਹੋਇਆਂ ਰੂਪ
ਮੇਰੇ ਪਿੰਡ ਦਾ ਨਕਸ਼ਾ
ਇਹੀ ਦਰਸਾਉਂਦਾ।

## ਬਲੀਦਾਨ

ਤੇਰਾ ਸੰਘਰਸ਼ ਦੇ ਮੈਦਾਨ 'ਚੋਂ
ਚੁੱਪਚਾਪ ਚਲੇ ਜਾਣਾ
ਹੈਰਾਨ ਕਰਨ ਵਾਲਾ ਸੀ
ਕੋਝੀਆਂ ਸਾਜਿਸ਼ਾਂ ਦਾ ਨਤੀਜਾ ਸੀ
ਤੂੰ ਤਾਂ ਭਗਤ ਸਿੰਘ, ਪੇਰੀਅਰ, ਕੁਲਬਰਗੀ
ਜਾਂ ਬਾਬਾ ਸਾਹਿਬ
ਦੀਆਂ ਪਾਈਆਂ
ਪੈੜਾਂ ਤੇ ਚੱਲਣਾ ਸੀ
ਸਦੀਆਂ ਪੁਰਾਣੇ
ਰੂੜ੍ਹੀਵਾਦੀ ਸਿਸਟਮ ਖਿਲਾਫ਼ ਲੜਨਾ ਸੀ

ਜਿਨ੍ਹਾਂ ਪੈਰੋਕਾਰਾਂ ਦਾ ਤੂੰ ਅਨੁਯਾਈ
ਉਹਨਾਂ ਤਾਂ
ਲੱਖ ਔਕੜਾਂ,
ਦੁਸ਼ਵਾਰੀਆਂ ਨੂੰ
ਆਪਣੇ ਮਿਸ਼ਨ ਉੱਤੇ
ਕਦੇ ਨਾ ਹੋਣ ਦਿੱਤਾ ਸੀ ਭਾਰੂ

ਤੇਰਾ ਮਿਸ਼ਨ ਸੂਰਜ ਸੀ
ਜੋ ਵੰਡਦਾ ਰਹੇਗਾ ਰੋਸ਼ਨੀ
ਕਿੰਨੇ ਸਾਰੇ ਜ਼ਿਹਨ ਰੁਸ਼ਨਾਵੇਗਾ
ਜੋ ਸਥਾਪਿਤ ਸਿਸਟਮ ਨੂੰ ਬਦਲਣਗੇ
ਉਹ ਸਮਾਂ ਜ਼ਰੂਰ ਆਵੇਗਾ
ਤੇਰਾ ਬਲੀਦਾਨ ਬਿਰਥ ਨਹੀਂ ਜਾਵੇਗਾ।



## ਕਈ ਵਾਰੀ

ਕਈ ਵਾਰੀ
ਘਾਟੇ ਵਿਚ ਵੀ ਤੁਰਨਾ ਪੈਂਦਾ
ਕਈ ਵਾਰੀ
ਖ਼ਾਲੀ ਘਰ ਨੂੰ ਮੁੜਨਾ ਪੈਂਦਾ
ਆਪਣਾ ਆਪ ਜਗਾਉਣਾ ਪੈਂਦਾ
ਗੱਲਾਂ ਨਾਲ ਚਿੱਤ ਪਰਚਾਉਣਾ ਪੈਂਦਾ
ਸਿਖਰ ਦੁਪਹਿਰਾਂ ਵਿਚ ਸੜਨਾ
ਕੋਰੇ ਤੇ ਧੁੰਧ ਵਿਚ ਠਰਨਾ
ਸਾਹ ਲੈਣ ਲਈ
ਸੁੱਕੇ ਰੁੱਖਾਂ ਕੋਲ ਵੀ ਖੜ੍ਹਨਾ ਪੈਂਦਾ
ਕਈ ਵਾਰੀ ਘਰ ਮੁੜ ਕੇ
ਘਰਵਾਲੀ ਨਾਲ
ਡੰਗਰਾਂ ਦਾ ਪੱਠਾ-ਭੱਠਾ ਕਰਕੇ
ਕੰਮ ਚਲਾਉਣਾ ਪੈਂਦਾ
ਰੋਟੀ ਦੀ ਭਾਲ 'ਚ
ਸ਼ਹਿਰ ਦੇ ਚੌਂਕ 'ਚ
ਨਿੱਤ ਦਿਨ ਖੜ੍ਹਨਾ ਪੈਂਦਾ
ਵਾਂਗ ਗੁਲਾਮਾਂ ਜਰਨਾ ਪੈਂਦਾ
ਤਿਲ-ਤਿਲ ਮਰਨਾ ਪੈਂਦਾ
ਆਏ ਦਿਨ ਥੁੜ੍ਹਾਂ ਨਾਲ ਝੜਨਾ ਪੈਂਦਾ।

# ਮਾਨਵਵਾਦੀ ਕਵੀ

ਤੂੰ ਆਪਣੇ ਆਪ ਨੂੰ
ਮਾਨਵਵਾਦੀ ਕਵੀ ਕਹਾਉਂਦਾ
ਫਿਰ ਤੇਰੀਆਂ ਕਵਿਤਾਵਾਂ ਵਿਚ
ਮੇਰੇ ਦਰਦ ਦਾ ਜ਼ਿਕਰ
ਕਿਉਂ ਨਹੀਂ ਆਉਂਦਾ

ਮੈਂ ਵੀ ਤਾਂ ਇਕ ਮਨੁੱਖ ਹਾਂ
ਚਤੁਰ ਲੋਕਾਂ ਦਾ
ਲਤਾੜਿਆ ਹੋਇਆ
ਜਾਤ-ਪਾਤ ਉਚ-ਨੀਚ ਦੀ
ਨਾਨ-ਸਟਾਪ ਰੇਲ ਤੇ
ਚਾੜ੍ਹਿਆ ਹੋਇਆ

ਕੋਮਲ ਜਿਹੇ ਹਿਰਦੇ ਵਾਲਿਆਂ
ਮੇਰੇ ਦਰਦ ਦਾ
ਵਿਸ਼ਾ
ਤੈਨੂੰ ਸਿਰ ਤੋਂ ਪੈਰਾਂ ਤੱਕ
ਕਿਉਂ ਨਹੀਂ ਹਿਲਾਉਂਦਾ

ਸਮਝ ਤੈਨੂੰ ਸਾਰੀ
ਸਮਾਜਕ ਵਰਤਾਰੇ ਦੀ
ਇਤਿਹਾਸ ਵਿਚ ਵਾਪਰੇ
ਦੁੱਖਦਾਈ ਪ੍ਰਸੰਗਾਂ ਦੀ
ਗੱਲ ਛੋਹਦਾ
ਹਰ ਪ੍ਰਸੰਗ
ਆਪਣੇ ਆਪ ਤੇ ਮੁਕਾਉਂਦਾ
ਆਪਣੇ-ਆਪਣੇ
ਹਿੱਤਾਂ ਦੀ ਹੈ ਗੱਲ
ਜਿੱਥੋਂ ਤਕ ਮੈਨੂੰ ਸਮਝ ਹੈ ਆਉਂਦਾ।

❑ ❑ ❑

38273



ਮਲਕੀਤ ਜੌੜਾ

ਮਲਕੀਤ ਦੀ ਕਵਿਤਾ ਦਾ ਮੁੱਖ ਪੈਰਾਡਾਈਮ ਭਾਰਤੀ ਸਮਾਜ ਦੀ ਚੀੜ੍ਹੀ ਸੰਸਥਾ ਜਾਤ ਪਾਤ ਨਾਲ ਸੰਬੰਧਿਤ ਹੈ। ਉਹ ਜਾਤ ਪਾਤ ਨੂੰ ਇਕਹਿਰੇ ਰੂਪ ਵਿਚ ਨਹੀਂ ਲੈਂਦਾ। ਸਗੋਂ ਸਮੁੱਚੇ ਸਮਾਜਕ ਅਤੇ ਸਭਿਆਚਾਰਕ ਜੀਵਨ ਵਰਤਾਰੇ ਦੀ ਹਰ ਪਰਤ, ਹਰ ਤਹਿ ਤੱਕ ਪਸਰੇ ਇਸ ਦੇ ਪ੍ਰਭਾਵ ਅਤੇ ਵਿਧੀ-ਵਿਧਾਨ ਤੱਕ ਪਛਾਣਦਾ ਹੈ। ਉਸ ਨੂੰ ਜਾਨਣ ਪਛਾਨਣ ਬਾਅਦ ਪੰਜਾਬੀ ਵਿਚ ਪ੍ਰਵਾਹਤ ਕਾਵਿ ਪੈਟਰਨ, ਕਾਵਿ ਸੁਹਜ ਜਾਂ ਕਾਵਿ ਵਿਧੀ-ਵਿਧਾਨ ਅਨੁਸਾਰ ਨਹੀਂ ਢਾਲਦਾ ਸਗੋਂ ਉਸ ਯਥਾਰਥ ਦੀ ਸ਼ਿੱਦਤ ਨੂੰ ਬਣਾਈ ਰੱਖਣ ਲਈ ਵਿਧੀ-ਵਿਧਾਨ ਵੀ ਆਪਣਾ ਸਿਰਜਦਾ ਹੈ।

-ਡਾ. ਸਰਬਜੀਤ ਸਿੰਘ

ਉੱਤਰ ਆਧੁਨਿਕਤਾ ਦੇ ਵੱਧ ਰਹੇ ਪ੍ਰਭਾਵ ਅਧੀਨ, ਜਦੋਂ ਪੰਜਾਬੀ ਦੇ ਕਈ ਕਵੀ ਬਜ਼ਾਰੂ ਨਾਹਰਿਆਂ ਦੇ ਸ਼ੋਰ 'ਚ, ਮਾਨਵੀ ਸਰੋਕਾਰਾਂ ਵਲੋਂ ਮੂੰਹ ਮੋੜਕੇ, ਮੰਡੀ ਦੇ ਜਲੌਅ ਅਤੇ ਖਪਤ ਸਭਿਆਚਾਰਕ ਮੁੱਲਾਂ ਦੀ ਤਰਜ਼ਮਾਨੀ ਕਰ ਰਹੇ ਹਨ, ਉਸ ਸਮੇਂ 'ਹਰਫ਼ਾਂ ਦੀ ਹਾਜ਼ਰੀ' ਨਵੀਂ ਕਾਵਿ ਪੁਸਤਕ ਨਾਲ ਮਲਕੀਤ ਜੌੜਾ ਦੀ ਆਮਦ ਇੱਕ ਖੂਬਸੂਰਤ ਸਬੱਬ ਹੈ। ਜੌੜਾ ਦੀ ਕਵਿਤਾ ਦੇ ਕੇਂਦਰ ਵਿੱਚ ਵਰਣ-ਵੰਡ ਵਾਲੇ ਭਾਰਤੀ ਸਮਾਜ 'ਚ ਉਸ ਬੇਪਛਾਣ ਕੀਤੇ ਗਏ ਦਮਿਤ ਅਤੇ ਦਲਿਤ ਮਨੁੱਖ ਦੇ ਨੈਣ-ਨਕਸ਼ ਉੱਘੜਦੇ ਹਨ ਜਿਨ੍ਹਾਂ ਲਈ ਮੂਲ-ਮਨੁੱਖੀ ਅਧਿਕਾਰਾਂ ਅਤੇ ਬਰਾਬਰੀ ਦਾ ਸੁਪਨਾ 'ਦਿੱਲੀ ਦੂਰ' ਵਾਲੀ ਗੱਲ ਹੈ। ਕਵੀ ਆਪਣੀ ਕਵਿਤਾ 'ਚ ਇਸ ਮਨੁੱਖ ਦੀ ਪੇਸ਼ਕਾਰੀ ਸਿਰਫ ਵਸਤੂ ਦੇ ਪ੍ਰਗਟਾਅ ਤੱਕ ਹੀ ਸੀਮਤ ਨਹੀਂ ਕਰਦਾ ਸਗੋਂ ਉਹ ਇਸ ਚੇਤਨਾ ਨੂੰ ਚਿੰਤਨ ਦੀ ਪੁੱਠ ਨਾਲ ਧਾਰਦਾਰ ਬਣਾਉਂਦਾ ਹੋਇਆ, ਗਤੀਸ਼ੀਲਤਾ ਵੀ ਪ੍ਰਦਾਨ ਕਰਦਾ ਹੈ।

-ਮਦਨ ਵੀਰਾ

ਮਲਕੀਤ ਜੌੜਾ ਦਲਿਤ ਕਵਿਤਾ ਦਾ ਸਥਾਪਿਤ ਸ਼ਾਇਰ ਹੈ। ਉਸ ਦਾ ਚੌਥਾ ਕਾਵਿ-ਸੰਗ੍ਰਹਿ 'ਹਰਫ਼ਾਂ ਦੀ ਹਾਜ਼ਰੀ' ਉਸ ਦੇ ਨਿਰੰਤਰ ਸੁਹਜਾਤਮਕ ਅਤੇ ਦ੍ਰਿਸ਼ਟੀਗਤ ਵਿਕਾਸ ਦਾ ਸਬੂਤ ਹੈ। ਉਹ ਸਮਾਜਕ-ਤ੍ਰਿਸਕਾਰ ਦਾ ਸ਼ਿਕਾਰ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਦਾ ਹੋਇਆ, ਜਾਤੀਗਤ ਵਿਤਕਰੇ ਦੇ ਵਿਰੁੱਧ ਚੇਤਨਾ ਦਾ ਸੰਚਾਰ ਕਰਦਾ ਹੈ। ਉਹ ਦੱਬੀ ਸੁਰ ਵਿਚ ਅਤੇ ਕਲਾਤਮਕ ਪਰਦੇ ਦੇ ਓਹਲੇ ਵਿੱਚ ਵਿਚਾਰਾਂ ਨੂੰ ਨਹੀਂ ਪ੍ਰਗਟਾਉਂਦਾ, ਉਹ ਜ਼ੁਰਅਤ ਅਤੇ ਯਥਾਰਥ ਦੀ ਰੋਸ਼ਨੀ ਵਿੱਚ ਸਿੱਧੇ ਅਤੇ ਸਪਸ਼ਟ ਸ਼ਬਦਾਂ ਵਿੱਚ ਜਾਤੀ-ਅਪਮਾਨ ਅਤੇ ਆਰਥਿਕ ਕਾਣੀ-ਵੰਡ ਦੀ ਰਾਜਨੀਤੀ ਵਿਰੁੱਧ ਆਪਣਾ ਪ੍ਰਤੀਕਰਮ ਦਰਜ ਕਰਦਾ ਹੈ। ਉਸ ਦੀ ਸ਼ਾਇਰੀ ਮਾਨਵਤਾ ਦਾ ਸੰਦੇਸ਼ ਦਿੰਦੀ ਹੋਈ ਸਨਮਾਨ ਅਤੇ ਬਰਾਬਰੀ ਵਾਲੇ ਅਸਲ ਲੋਕਤੰਤਰ ਦੀ ਪੈਰਵੀ ਕਰਦੀ ਹੈ।

-ਡਾ. ਬਲਜੀਤ ਸਿੰਘ

Forever Learning

ISBN 978-93-83391-76-9

9789383391769

www.unistarbooks.com ₹ 195/-